# NARIVADI PUNJABI KAAVI ATE AMAR JYOTI DI KAVITA DE MOOL SAROKAAR

# ਨਾਰੀਵਾਦੀ ਪੰਜਾਬੀ-ਕਾਵਿ ਅਤੇ ਅਮਰ ਜਿਉਤੀ ਦੀ ਕਵਿਤਾ ਦੇ ਮੂਲ ਸਰੋਕਾਰ

ਡਾ. ਪ੍ਰਕਾਸ਼ ਸਿੰਘ (Dr. Parkash Singh)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,

ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ-11, ਚੰਡੀਗੜ੍ਹ

Email ID: drparkashbrar11@gmail.com ਮੋਬਾਈਲ: +91-94632-19994

**ਸਾਰ (Abstract)**

*ਸਮਕਾਲੀ ਪੰਜਾਬੀ ਕਵਿਤਾ ਵਿੱਚ ਡਾ. ਅਮਰ ਜਿਉਤੀ ਦੀ ਵਿਲੱਖਣ ਪਛਾਣ ਹੈ। ਇਸ ਖੋਜ ਪੱਤਰ ਵਿੱਚ ਭਾਵੇਂ ਡਾ. ਅਮਰ ਜਿਉਤੀ ਦੀ ਕਾਵਿ-ਰਚਨਾ ਨੂੰ ਹੀ ਵਿਚਾਰ-ਚਰਚਾ ਦਾ ਕੇਂਦਰ ਬਣਾਇਆ ਜਾਵੇਗਾ ਪਰ ਇਸ ਦੇ ਨਾਲ ਹੀ ਸਮਕਾਲੀ ਪੰਜਾਬੀ ਕਵਿਤਾ ਦੀ ਦਸ਼ਾ ਤੇ ਦਿਸ਼ਾ ਦਾ ਵੀ ਬਰਾਬਰ ਖਿਆਲ ਰੱਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਭਾਵੇਂ ਡਾ. ਅਮਰ ਜਿਉਤੀ ਦੀ ਨਾਰੀ-ਸੰਵੇਦਨਾ ਵਾਲੀ ਕਵਿਤਰੀ ਵਜੋਂ ਪਰਿਪੱਕ ਪਛਾਣ ਸਥਾਪਤ ਹੋ ਚੁੱਕੀ ਹੈ ਪਰ ਧਿਆਨਯੋਗ ਮਸਲਾ ਇਹ ਹੈ ਕਿ ਇੱਕ ਤਾਂ ਅਮਰ ਜਿਉਤੀ ਸਮਕਾਲੀ ਨਾਰੀ ਲੇਖਿਕਾਵਾਂ ਨਾਲੋਂ ਵੱਖਰੀ ਪਛਾਣ ਰੱਖਦੀ ਹੈ ਅਤੇ ਦੂਸਰਾ ਅਮਰ ਜਿਉਤੀ ਦੀ 2015 ਵਿੱਚ ਪ੍ਰਕਾਸ਼ਿਤ ਹੋਈ ਨਵੀਨਤਮ ਕਾਵਿ-ਪੁਸਤਕ* ***ਵਕਤ, ਮੌਸਮ ਅਤੇ ਨਜ਼ਮ*** *ਵਿਚਲੀਆਂ ਕਵਿਤਾਵਾਂ ਕੇਵਲ ਨਾਰੀਵਾਦੀ ਸਰੋਕਾਰਾਂ ਤੱਕ ਸੀਮਤ ਨਹੀਂ ਸਗੋਂ ਬ੍ਰਹਿਮੰਡੀ ਤੇ ਵਿਸ਼ਾਲ ਮਾਨਵੀ ਪਾਸਾਰਾ ਵਾਲੀਆਂ ਹਨ। ਇਸ ਪੱਤਰ ਵਿੱਚ ਉਹਨਾਂ ਸਾਰੇ ਬੁਨਿਆਦੀ ਮਸਲਿਆਂ ਨਾਲ ਆਲੋਚਨਾਤਮਕ ਸੰਵਾਦ ਰਚਾਇਆ ਜਾਵੇਗਾ ਜੋ ਉਸ ਦੀ ਕਾਵਿ-ਰਚਨਾ ਨੂੰ ਬਹੁਪਾਸਾਰੀ ਬਣਾਉਣ ਵਾਲੇ ਹਨ। ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਅਜੋਕੇ ਦੌਰ ਵਿੱਚ ਬਾਜ਼ਾਰੂ ਲਾਲਸਾ ਦੀ ਜੱਦ ਵਿੱਚ ਆਏ ਸਮਾਜਕ-ਸੰਬੰਧਾਂ ਦੀਆਂ ਅਨੇਕ ਪਰਤਾਂ ਨੂੰ ਕਵਿਤਾ ਦੇ ਪਾਠ ਮੂਲਕ ਅਧਿਐਨ-ਵਿਸ਼ਲੇਸ਼ਣ ਰਾਹੀਂ ਵਿਚਾਰ-ਚਰਚਾ ਦਾ ਮੁੱਦਾ ਬਣਾਉਣਾ ਵੀ ਇਸ ਲੇਖ ਦਾ ਮਹੱਤਵਪੂਰਨ ਪੱਖ ਹੋਵੇਗਾ। ਕਵਿਤਾ ਵਿੱਚੋਂ ਉੱਭਰਦੀ ਲੇਖਿਕਾ ਦੀ ਰਚਨਾ-ਦ੍ਰਿਸ਼ਟੀ ਨੂੰ ਵਿਸ਼ਲੇਸ਼ਣ-ਮੁਲਾਂਕਣ ਦਾ ਵਿਸ਼ਾ ਬਣਾਉਣਾ ਵੀ ਇਸ ਪੱਤਰ ਦਾ ਅਹਿਮ ਮੁੱਦਾ ਹੈ। ਰਚਨਾ-ਵਸਤੂ ਅਤੇ ਰਚਨਾ ਦ੍ਰਿਸ਼ਟੀ ਦੇ ਨਾਲ-ਨਾਲ ਵਿਚਾਰ ਅਧੀਨ ਕਾਵਿ- ਰਚਨਾ ਦੇ ਕਲਾਤਮਕ ਪੱਖ ਵੱਲ ਉਚੇਚਾ ਧਿਆਨ ਦੇਣਾ ਵੀ ਇਸ ਖੋਜ-ਪੱਤਰ ਦੇ ਮਨੋਰਥ ਵਿੱਚ ਸ਼ਾਮਿਲ ਹੋਵੇਗਾ। ਖੋਜ-ਪੱਤਰ ਦੇ ਆਖਰੀ ਪੈਰ੍ਹੇ ਵਿੱਚ ਵਿਚਾਰ ਅਧੀਨ ਕਾਵਿ-ਰਚਨਾ ਦੇ ਵਿਸ਼ਲੇਸ਼ਣ-ਮੁਲਾਂਕਣ ਵਿੱਚੋਂ ਪ੍ਰਾਪਤ ਹੋਈਆਂ ਅੰਤਰਦ੍ਰਿਸ਼ਟੀਆਂ ਨੂੰ ਨਿਸਕਰਸ਼ ਵਜੋਂ ਪ੍ਰਸਤੁਤ ਕੀਤਾ ਜਾਵੇਗਾ।*

***ਕੀਵਰਡ (Keyword): ਪਿਤਰਕੀ, ਨਾਰੀ ਸੰਵੇਦਨਾ ਤੇ ਪੰਜਾਬੀ ਕਵਿਤਾ, ਅਮਰ ਜਿਉਤੀ ਦੀ ਕਵਿਤਾ, ਪੂੰਜੀਵਾਦੀ ਵਿਸ਼ਵਵਿਆਪੀਕਰਣ, ਮੂਲ ਮਾਨਵੀਂ ਸਰੋਕਾਰ, ਬ੍ਰਹਿਮੰਡੀ ਚੇਤਨਾ, ਸਪਾਟ ਅਭਿਵਿਅਕਤੀ, ਕਲਾਤਮਕ ਅਭਿਵਿਅੰਜਨ, ਬਹੁਪੱਖੀ ਸੰਵਾਦ।***

ਸਮਕਾਲੀ ਪੰਜਾਬੀ ਕਵਿਤਾ ਵਿੱਚ ਡਾ. ਅਮਰ ਜਿਉਤੀ ਦੀ ਵਿਲੱਖਣ ਪਛਾਣ ਹੈ। ਇਸ ਵਿਲੱਖਣਤਾ ਦਾ ਸੰਬੰਧ ਉਸ ਦੀ ਕਵਿਤਾ ਵਿਚਲੀ ਰਚਨਾ-ਵਸਤੂ ਨਾਲ ਵੀ ਹੈ ਤੇ ਰਚਨਾ-ਦ੍ਰਿਸ਼ਟੀ ਨਾਲ ਵੀ। ਭਾਵੇਂ ਅਮਰ ਜਿਉਤੀ ਨੂੰ ਬਚਪਨ ਤੋਂ ਹੀ ਸਾਹਿਤ ਪੜ੍ਹਨ ਤੇ ਲਿਖਣ ਦੀ ਚੇਟਕ ਲੱਗ ਗਈ ਸੀ। ਉਸ ਦੇ ਆਪਣੇ ਕਥਨ ਅਨੁਸਾਰ: "ਮੈਂ ਅੱਠ ਸਾਲ ਦੀ ਸਾਂ ਜਦੋਂ ਮੈਂ ਪਹਿਲੀ ਨਜ਼ਮ ਪੰਜਾਬੀ ਵਿੱਚ ਲਿਖੀ ਸੀ। ਅੰਮ੍ਰਿਤਸਰ ਤੋਂ ਇੱਕ ਰਸਾਲਾ ਛਪਦਾ ਹੁੰਦਾ ਸੀ ਇਹ ਨਜ਼ਮ ਉਸ ਵਿੱਚ ਛਪੀ ਵੀ ਸੀ।"[1] ਦਰਅਸਲ ਅਮਰ ਜਿਉਤੀ ਨੂੰ ਸਾਹਿਤਕ ਚੇਟਕ ਵਿਰਾਸਤ ਵਿਚੋਂ ਮਿਲੀ ਕਿਉਂਕਿ ਉਸ ਦੇ ਪਿਤਾ ਜੀ ਸ੍ਰੀ ਇੰਦਰ ਸਿੰਘ 'ਰਾਜ਼' ਉਰਦੂ, ਫਾਰਸੀ ਤੇ ਪੰਜਾਬੀ ਭਾਸ਼ਾ ਦੇ ਲੇਖਕ ਅਤੇ ਸ਼ਾਇਰ ਸਨ। ਜ਼ਿਕਰਯੋਗ ਹੈ ਕਿ ਉਹਨਾਂ ਦੀਆਂ ਪੁਸਤਕਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ ਦਿੱਲੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇੰਦਰ ਸਿੰਘ 'ਰਾਜ਼' ਚਾਰ ਉਰਦੂ ਰਸਾਲਿਆਂ ਦੇ ਸੰਪਾਦਕ ਵੀ ਰਹੇ। ਵੱਖ-ਵੱਖ ਵਿਸ਼ਿਆਂ ਉੱਤੇ ਲਿਖੇ ਉਹਨਾਂ ਦੇ ਲੇਖ 'ਪੰਜਾਬੀ ਟ੍ਰਿਬਿਊਨ' ਅਤੇ 'ਨਵਾਂ ਜ਼ਮਾਨਾ' ਵਿੱਚ ਛਪਦੇ ਰਹੇ। ਇਸ ਤੋਂ ਇਲਾਵਾ ਉਹਨਾਂ ਦੇ ਮਾਤਾ ਜੀ ਸ਼੍ਰੀਮਤੀ ਪ੍ਰੀਤਮ ਕੌਰ ਦੀ ਸੰਗੀਤ ਨਾਲ ਡੂੰਘੀ ਸਾਂਝ ਸੀ। ਪਰਿਵਾਰ ਵਿਚਲੇ ਇਸ ਸਾਹਿਤਕ ਮਾਹੌਲ ਦਾ ਅਮਰ ਜਿਉਤੀ ਦੀ ਸਖ਼ਸ਼ੀਅਤ ਉੱਤੇ ਸਹਿਜ ਤੇ ਠੋਸ ਪ੍ਰਭਾਵ ਪਿਆ ਜੋ ਕਿ ਬਹੁਤ ਮਹੱਤਵਪੂਰਨ ਹੈ। 1 1973 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਐੱਮ.ਏ. ਪੰਜਾਬੀ ਤੱਕ ਦੀ ਵਿਦਿਆ ਗ੍ਰਹਿਣ ਕਰਨ ਉਪਰੰਤ ਅਮਰ ਜਿਉਤੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵਿਖੇ ਕਾਫ਼ੀ ਸਮਾਂ ਨੌਕਰੀ ਕੀਤੀ। ਇੱਥੇ ਉਸ

ਨੇ ਛੇ ਸਾਲ 'ਪੰਖੜੀਆਂ' ਨਾਮ ਦੇ ਰਸਾਲੇ ਦਾ ਸੰਪਾਦਨ ਕਰਨ ਦੇ ਨਾਲ-ਨਾਲ ਬੱਚਿਆਂ ਦੀ ਦਿਲਚਸਪੀ ਕਈ ਕਹਾਣੀਆਂ ਲਿਖੀਆਂ। ਪੰਜਾਬੀ ਮੁਹਾਵਰਿਆਂ ਅਤੇ ਅਖਾਉਤਾਂ ਨਾਲ ਸੰਬੰਧਤ ਦੋ ਬਾਲ ਸਾਹਿਤ ਪੁਸਤਕਾਂ ਵੀ ਅਮਰ ਜਿਉਤੀ ਵੱਲੋਂ ਲਿਖੀਆਂ ਮਿਲਦੀਆਂ ਹਨ। 1982 ਵਿੱਚ ਅਮਰ ਜਿਉਤੀ ਚੰਡੀਗੜ੍ਹ ਤੋਂ ਨੀਂਦਰਲੈਂਡ ਦੇ ਸ਼ਹਿਰ ਅਮਸਟਡਰਮ ਵਿੱਚ ਪਰਵਾਸ ਧਾਰਨ ਕਰ ਗਈ। ਸਾਹਿਤਕ ਰੁਚੀਆਂ ਵਾਲੀ ਤੇ ਸੂਖਮ ਸੋਚ ਦੀ ਧਾਰਨੀ ਹੋਣ ਕਰਕੇ ਅਮਰ ਜਿਉਤੀ ਨੂੰ ਨੀਂਦਰਲੈਂਡ ਪਹੁੰਚ ਕੇ ਆਪਣੀ ਮਾਤ-ਭੂਮੀ, ਸਭਿਆਚਾਰ ਤੇ ਭਾਸ਼ਾ ਨਾਲੋਂ ਵਿਛੁੰਨੇ ਹੋਣ ਦਾ ਮਾਨਸਿਕ ਕਸ਼ਟ ਆਮ ਵਿਅਕਤੀਆਂ ਨਾਲੋਂ ਵਧੇਰੇ ਝੇਲਣਾ ਪਿਆ। ਪਰ ਨਾਲੋਂ-ਲਾਲ ਵਿਦਿਆ, ਜਾਗ੍ਰਿਤੀ ਤੇ ਰਚਨਾਤਮਿਕਤਾ ਦੇ ਠੋਸ ਸੰਸਕਾਰਾਂ ਨਾਲ ਪ੍ਰਣਾਈ ਹੋਣ ਕਰਕੇ ਉਹ ਬਹੁਤ ਥੋੜ੍ਹੇ ਸਮੇਂ ਵਿੱਚ ਵੀ ਆਪਣੀ ਮਾਨਸਿਕ ਪੀੜਾ ਤੋਂ ਅੱਗੇ ਵੱਧ ਕੇ ਸਿਰਨਾਤਮਿਕਤਾ ਵੱਲ ਅਗਰਸਰ ਹੋ ਗਈ। ਨਤੀਜੇ ਵਜੋਂ ਅਮਰ ਜਿਉਤੀ ਨੇ ਨੀਂਦਰਲੈਂਡ ਦੀ ਭਾਸ਼ਾਈ, ਸਭਿਆਚਾਰਕ ਤੇ ਜੀਵਨ-ਜਾਂਚ ਦੀ ਵਿਭਿੰਨਤਾ ਨੂੰ ਚੁਣੌਤੀ ਵਾਂਗ ਗ੍ਰਹਿਣ ਕਰਨਾ ਸ਼ੁਰੂ ਕੀਤਾ ਤੇ ਇਹਨਾਂ ਵੱਖਰੇਵਿਆਂ ਪ੍ਰਤੀ ਉਦਾਸੀਨਤਾ ਦੀ ਬਜਾਇ ਸੰਵਾਦਮਈ ਰੁਖ਼ ਅਖ਼ਤਿਆਰ ਕੀਤਾ। ਇਸ ਰਚਨਾਤਮਿਕ ਦ੍ਰਿਸ਼ਟੀ ਦੇ ਬਹੁਤ ਚੰਗੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਉਸ ਨੇ ਇੱਕ ਸਾਲ ਅੰਦਰ (1983 ਵਿੱਚ) ਹੀ ਉੱਥੋਂ ਦੀ ਡੱਚ ਭਾਸ਼ਾ ਵਿੱਚ ਡਿਪਲੋਮਾ ਕਰ ਲਿਆ ਅਸਮਟਰਡਮ ਵਿੱਚ ਉਹ 'ਰੇਡੀਉ ਇੰਡੀਅਨ ਟਾਈਮ' ਦੀ ਪ੍ਰੀਜੈਂਟਰ ਤੇ ਪ੍ਰੋਡਿਊਸਰ ਰਹੀ। 'ਰੇਡੀਉ ਵੈਇਸ ਆਫ਼ ਏਸ਼ੀਆ' ਅਮਸਟਰਡਮ ਤੋਂ ਭਾਰਤੀ ਸਾਹਿਤ ਤੇ ਸਭਿਆਚਾਰ ਬਾਰੇ ਪ੍ਰੋਗਰਾਮ ਪੇਸ਼ ਕੀਤੇ। 1998 ਵਿੱਚ ਅਮਰ ਜਿਉਤੀ ਜਦ ਪੰਜਾਬ ਵਾਪਸ ਆਈ ਤਾਂ ਅਮਰ ਜਿਉਤੀ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 2003 ਵਿੱਚ ''**ਸੂਰੀਨਾਮੀ ਕਵਿਤਾ : ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ**'' ਵਿਸ਼ੇ 'ਤੇ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ।

ਇਸ ਤੋਂ ਇਲਾਵਾ ਅਮਰ ਜਿਉਤੀ ਨੇ ਬਚਪਨ ਵਿੱਚ ਕਈ ਕਹਾਣੀਆਂ ਵੀ ਲਿਖੀਆਂ। ਪਰ ਪਰਿਪੱਕ ਰੂਪ ਵਿੱਚ ਉਹਨਾਂ ਦਾ ਪਹਿਲਾ ਕਾਵਿ-ਸੰਗ੍ਰਹਿ '**ਮਾਰੂਥਲ ਵਿੱਚ ਤੁਰਦੇ ਪੈਰ**' 1985 ਵਿੱਚ ਛਪਿਆ। **ਮੈਨੂੰ ਸੀਤਾ ਨਾ ਕਹੋ** (1988), **ਦਰੋਪਦੀ ਤੋਂ ਦੁਰਗਾ** (1990), **ਖ਼ਾਮੋਸ਼ੀ ਦੀ ਆਵਾਜ਼** (1998), **ਸੂਫੀ ਰੋਮਾਂਸ** (2004) ਅਤੇ **ਵਕਤ, ਮੌਸਮ ਅਤੇ ਨਜ਼ਮ** (2015) ਉਸ ਦੇ ਮਹੱਤਵਪੂਰਨ ਕਾਵਿ-ਸੰਗ੍ਰਹਿ ਹਨ। ਕਵਿਤਾ ਤੋਂ ਇਲਾਵਾ ਡਾ. ਅਮਰ ਜਿਉਤੀ ਨੇ ਵਾਰਤਕ ਵਿੱਚ ਨੀਦਰਲੈਂਡ ਦੇ ਸਾਹਿਤ ਤੇ ਸਭਿਆਚਾਰ ਬਾਰੇ ਜਾਣਕਾਰੀ ਦੇਣ ਵਾਲੇ ਲੇਖਾਂ ਦੀ ਪ੍ਰਸਿੱਧ ਪੁਸਤਕ '**ਹਾਲੈਂਡ ਦੇ ਹਾਸ਼ੀਏ**' ਲਿਖੀ ਜੋ ਨਵਯੁਗ ਪਬਲਿਸਰਜ਼ ਦਿੱਲੀ ਤੋਂ ਪ੍ਰਕਾਸ਼ਿਤ ਹੋਈ। ਤੀਹ ਸਾਲ ਦੇ ਲੰਬੇ ਸਮੇਂ ਤੋਂ ਸਾਹਿਤ ਰਚਨਾ ਨਾਲ ਜੁੜੀ ਚੇਤੰਨ ਲੇਖਿਕਾ ਦੇ ਇਸ ਤਜ਼ਰਬੇ ਨੇ ਉਸ ਦੀਆਂ ਰਚਨਾਵਾਂ ਨੂੰ ਹੋਰ ਵਧੇਰੇ ਮਹੱਤਵਪੂਰਨ ਬਣਾਉਣ ਵਿੱਚ ਠੋਸ ਯੋਗਦਾਨ ਪਾਇਆ ਹੈ।ਅਮਰ ਜਿਉਤੀ ਦੀ ਇਸ ਸਾਹਿਤਕ ਘਾਲਣਾ ਵਾਸਤੇ ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਹਨਾਂ ਨੂੰ ਸੰਨ 2000 ਵਿੱਚ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਸਨਮਾਨ ਨਾਲ ਨਿਵਾਜ਼ਿਆ ਗਿਆ।

ਪ੍ਰਗਤੀਸ਼ੀਲ ਲੇਖਕ ਸੰਘ ਦੀ 1936 ਵਿੱਚ ਹੋਈ ਕਾਨਫਰੰਸ ਦੀ ਪ੍ਰੇਰਨਾ ਅਧੀਨ ਉਤਪੰਨ ਹੋਈ ਪ੍ਰਗਤੀਵਾਦੀ ਵਿਚਾਰਧਾਰਾ ਦਾ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਹੈ। ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰੇਰਨਾ ਗ੍ਰਹਿਣ ਕਰਨ ਵਾਲੀ ਪੰਜਾਬੀ ਦੀ ਮੁੱਖ ਕਵਿਤਰੀ ਅਮ੍ਰਿਤਾ ਪ੍ਰੀਤਮ ਦੀ ਕਵਿਤਾ ਵਿੱਚ ਇਸਤਰੀ-ਪੁਰਸ਼ ਪ੍ਰੇਮ ਦੀ ਲੋਚਾ, ਲੋੜ, ਖੁੱਲ੍ਹ ਤੇ ਸਮਾਜਕ ਪ੍ਰਵਾਨਗੀ ਦਾ ਮਸਲਾ ਉੱਭਰਦਾ ਹੈ। ਇਸੇ ਕ੍ਰਮ ਵਿੱਚ ਉਹ ਇਸਤਰੀ-ਪੁਰਸ਼ ਪਿਆਰ ਦੇ ਰਾਹ ਵਿਚਲੀਆਂ ਰੁਕਾਵਟਾਂ, ਦੁਸ਼ਵਾਰੀਆਂ ਤੇ ਇਹਨਾਂ ਦੇ ਨਤੀਜੇ ਵਜੋਂ ਹੰਢਾਈ ਜਾਣ ਵਾਲੀ ਪੀੜਾ ਨੂੰ ਇਸਤਰੀ ਦੇ ਦ੍ਰਿਸ਼ਟੀਕੋਣ ਤੋਂ, ਵਿਅੰਗਮਈ ਸ਼ੈਲੀ ਰਾਹੀਂ ਅਭਿਵਿਅਕਤ ਕਰਦੀ ਹੈ। ਸਥਾਪਤ ਸਮਾਜਕ ਪ੍ਰਬੰਧ ਦੇ ਅੰਤਰਗਤ ਅਮ੍ਰਿਤਾ ਪ੍ਰੀਤਮ ਕਾਵਿ ਦੀ ਮੁੱਖ ਸੁਰ ਕਰੁਣਾਮਈ ਹੈ ਜੋ ਗਿਲੇ ਸ਼ਿਕਵੇ, ਅਸੰਤੁਸ਼ਟੀ, ਉਦਾਸੀ ਤੇ ਪੀੜਾ ਦੇ ਸਵਰਾਂ ਰਾਹੀਂ ਸਾਹਮਣੇ ਆਉਂਦੀ ਹੈ। ਹਾਲਾਂਕਿ ਅਮ੍ਰਿਤਾ ਪ੍ਰੀਤਮ ਨੇ ਪੰਜਾਬੀ ਨਾਰੀ ਦੀ ਮੂਕ-ਸਥਿਤੀ ਨੂੰ ਤੋੜਦਿਆਂ ਆਪਣੀ ਕਵਿਤਾ ਨੂੰ ਸਮਾਜਕ ਪ੍ਰਤੀਕਰਮ ਵੱਲ ਵੀ ਸੇਧਿਤ ਕੀਤਾ। ਉਸ ਦੀਆਂ ਕਈ ਚਰਚਿਤ ਕਵਿਤਾਵਾਂ (ਅੰਨਦਾਤਾ, ਕੰਨਿਆਦਾਨ ਆਦਿ) ਰੂੜ੍ਹੀਵਾਦੀ ਸੋਚ ਨੂੰ ਵੰਗਾਰਨ ਵਾਲੀਆਂ ਹਨ।

ਮੱਧਕਾਲੀ ਭਗਤੀ ਲਹਿਰ ਤੇ ਪ੍ਰਗਤੀਵਾਦੀ ਲਹਿਰ ਤੋਂ ਇਲਾਵਾ ਵਿਸ਼ਵ ਪੱਧਰ ਦੀ ਨਾਰੀ ਮੁਕਤੀ ਲਹਿਰ ਤੋਂ ਸੇਧ ਪ੍ਰਾਪਤ ਕਰਨ ਵਾਲੀ ਨਾਰੀਵਾਦੀ ਪੰਜਾਬੀ ਕਵਿਤਾ ਵਿੱਚ ਪੁਰਸ਼ ਉੱਤਮਤਾ ਦੀ ਮਿੱਥ ਤੇ ਪਿਤਰੀ ਸੱਤਾ ਦੇ ਸਦੀਆਂ ਤੋਂ ਸਥਾਪਤ ਢਾਂਚੇ ਨੂੰ ਖੁੱਲ੍ਹ ਕੇ ਵੰਗਾਰਨ ਦੀ ਰੁਚੀ ਪ੍ਰਬਲ ਹੋ ਜਾਂਦੀ ਹੈ। ਇਸਤਰੀ ਨੂੰ ਦੂਜੇ ਦਰਜੇ ਦਾ ਪ੍ਰਾਣੀ ਮੰਨਣ ਦੀ ਮਿੱਥ, ਅਧੀਨਤਾ, ਦਾਸਤਾ ਤੇ ਗੁਲਾਮੀ ਦੇ ਪ੍ਰਭਮੰਡਲ (Aura) ਨੂੰ ਪੱਖਪਾਤੀ ਹੋਣ ਕਰਕੇ ਰੱਦ ਕਰਨ ਦੇ ਮਸਲੇ, ਕਾਵਿਕ ਪੱਧਰ 'ਤੇ ਉਭਰਨ ਲਗਦੇ ਹਨ। ਇਸੇ ਪਰਿਪੇਖ ਵਿੱਚ ਪ੍ਰਚਲਿਤ ਇਤਿਹਾਸ-ਮਿਥਿਹਾਸ ਦੇ ਪੁਨਰ-ਮੁਲਾਂਕਣ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਅਮਰ ਜਿਉਤੀ ਦੁਆਰਾ ਰਚਿਤ ਮੈਨੂੰ ਸੀਤਾ ਨਾ ਕਹੋ (1988) ਤੇ ਦਰੋਪਦੀ ਤੋਂ ਦੁਰਗਾ (1990) ਕਾਵਿ-ਪੁਸਤਕਾਂ ਵਿੱਚ ਪ੍ਰਚਲਤ ਇਤਿਹਾਸ-

ਮਿਥਿਹਾਸ ਦਾ ਪੁਨਰ-ਮੁਲਾਂਕਣ ਜਿਸ ਕਾਵਿ-ਵਿਧੀ ਤੇ ਰਚਨਾਤਮਕ ਦ੍ਰਿਸ਼ਟੀ ਨਾਲ ਕੀਤਾ ਗਿਆ ਹੈ ਉਹ ਦੁਰਲੱਭ ਨਹੀਂ ਤਾਂ ਸੁਲੱਭ ਜ਼ਰੂਰ ਹੈ :

a) *ਮੇਰੀ ਮਾਂ/ਪੀੜਾਂ ਦੇ ਮਾਰੂਥਲ ਵਿੱਚ/ ਬਹੁਤ ਪੈਂਡਾ ਤੁਰੀ ਜਿੱਥੇ ਦੂਰ ਤੱਕ/ ਖਾਮੋਸ਼ੀ ਦੀ ਗੂੰਜ ਸੁਣੀਂਦੀ ਸੀ।* [2]

b) *ਕਿ ਕਿੰਜ ਜ਼ਿੰਦਗੀ/ ਅਹੱਲਿਆ ਬਣ ਜਾਂਦੀ ਹੈ ਕਿ ਸਾਹ ਧੂੰਆਂ ਬਣ ਕੇ/ ਧੁਖਣ ਲਗਦੇ ਨੇ ਤਾਂ ਹੀ ਮੈਂ ਅੱਜ ਧੂਣੀ ਧੁਖਾਈ ਏ / ਇਹਦੇ ਵਿਚ ਮੇਰੀ ਮਾਂ ਤੋਂ ਮੇਰੇ ਤੱਕ/ ਸਾਰੇ ਸਮਿਆਂ ਦੇ/ ਤਿਲ-ਫੁੱਲ ਪਾਏ ਨੇ ਕਿ ਇਹਦੇ ਸੇਕ ਨਾਲ/ਅਹੱਲਿਆ ਦਾ ਬੁੱਤ ਪਿਘਲ ਜਾਵੇ ਉਹਨੂੰ ਕਿਸੇ ਰਾਮ ਦੀ/ ਉਡੀਕ ਨਾ ਕਰਨੀ ਪਵੇ।* [3]

c) *ਮੇਰੀ ਕਲਮ ਮੰਨਤ ਇਹ ਮੰਨੇ/ ਧਰਤੀ ਸਾਡੀ ਦਰੋਪਦੀ ਤੋਂ ਦੁਰਗਾ ਬਣ ਜਾਏ।* [4]

d) *ਮੈਨੂੰ ਸੀਤਾ ਨਾ ਕਹੋ/ ਮੈਂ ਜ਼ਿੰਦਗੀ ਦੀ ਅਗਨੀ ਪ੍ਰੀਖਿਆ ਦੇਣ ਤੋਂ ਪਹਿਲਾਂ ਆਪਣੇ ਹਮਸਫਰ ਸੰਗ/ ਦਲੀਲ ਨਾਲ ਗੱਲ ਕਰਨੀ ਹੈ।* [5]

e) *ਇਹ ਧਰਤੀ ਵਾਂਗ ਦਰੋਪਦੀ/ ਤਰਲੇ ਕਰਦੀ/ ਹੌਕੇ ਭਰਦੀ ਲਾਹ ਰਹੇ ਉਹਦੀ ਇੱਜਤ ਦੇ ਲੰਗਾਰ/ ਵੰਡ ਰਹੇ ਉਹਨੂੰ ਟੋਟੇ ਟੋਟੇ ਉਹਦੇ ਮਾਲਕ/ ਉਹਦੇ ਜਾਏ/ ਉਹਦੇ ਹਮਸਾਏ।* [6]

f) *ਸੱਸੀ ਅਜੇ ਵੀ ਜਿੰਦਾ ਹੈ, ਕਿਤੇ ਰੋਟੀ ਦੀ ਭਾਲ ਵਿੱਚ ਤਪਦੇ ਮਾਰੂਥਲ ਵਿੱਚ ਤੁਰ ਰਹੀ ਹੈ, ਕਿਤੇ ਘਰ ਦਾ ਪਤਾ ਲੱਭ ਰਹੀ ਹੈ, ਕਿਤੇ ਹੱਕਾਂ ਲਈ ਜੂਝ ਰਹੀ ਹੈ, ਕਿਤੇ ਮਨ ਦੀਆਂ ਪੀੜਾਂ ਪੈਰਾਂ ਥੱਲੇ ਵਿਛਾ ਕੇ ਉਹਨਾਂ 'ਤੇ ਤੁਰ ਰਹੀ ਹੈ। ਘਰਾਂ ਦੇ, ਦਫ਼ਤਰਾਂ ਦੇ, ਸਮਾਜ ਦੇ ਕਿੰਨੇ ਹੀ ਮਾਰੂਥਲ ਹਨ ਉਹਦੇ ਪੈਰਾਂ ਥੱਲੇ ਤੇ ਖਵਰੇ ਕਿੰਨੇ ਹੋਰ ਵੀ। ਪਰ ਉਸ ਨੇ ਤੁਰਨਾ ਹੈ ਸਾਰੀਆਂ ਪੀੜਾਂ ਸਹਿ ਕੇ, ਛਾਲਿਆਂ ਨੂੰ ਚੁੰਮ ਕੇ। ਪੁੰਨੂੰ ਕਦੇ ਪਰਤੇਗਾ ਪਤਾ ਨਹੀਂ। ਉਹ ਇਹ ਗੱਲ ਜਾਣਦੀ ਨਹੀਂ...... ਫਿਰ ਵੀ ਉਸ ਹਾਰਨਾ ਨਹੀਂ ਸਿੱਖਿਆ....... ਕੇਵਲ ਤੁਰਨਾ ਸਿੱਖਿਆ ਹੈ.... ਚਾਹੇ ਪੈਰਾਂ ਥੱਲੇ ਕਿੰਨੇ ਹੀ ਮਾਰੂਥਲ ਤਪਣ ਲੱਗ ਪਏ।* [7]

ਨਾਰੀਤਵ ਦੀ ਪਛਾਣ ਤੇ ਗੌਰਵ ਨਾਲ ਸੰਬੰਧਤ ਪੰਜਾਬੀ ਕਵਿਤਾ ਵਿੱਚ ਕੇਵਲ ਪਿਤਰੀ ਸੱਤਾਮੂਲਕ ਪ੍ਰਵਚਨਾਂ ਨੂੰ ਹੀ ਕਾਂਟੇ ਹੇਠ ਨਹੀਂ ਲਿਆਂਦਾ ਗਿਆ, ਇਸ ਵਿੱਚ ਆਤਮ-ਨਿਰੀਖਣ ਦੀ ਸ਼ਾਇਰੀ ਵੀ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਇਸਤਰੀ ਸ਼ਾਇਰਾ ਜਦੋਂ ਪੱਖਪਾਤੀ ਸਮਾਜਕ ਢਾਂਚੇ ਸਾਹਮਣੇ ਪ੍ਰਸ਼ਨ ਖੜ੍ਹੇ ਕਰਦੀ ਹੈ ਤਾਂ ਉਹ ਸਵੈ ਦੇ ਵਿਸ਼ਲੇਸ਼ਣ ਨਾਲ ਵੀ ਗਹਿਰੇ ਜੁੜੇ ਹੋਣੀ ਜ਼ਰੂਰੀ ਹੈ। ਇਸ ਬੁਨਿਆਦੀ ਵਿਚਾਰ ਨੂੰ ਇੱਕ ਤੋਂ ਵੱਧ ਲੇਖਕਾਵਾਂ ਭਲੀ-ਭਾਂਤ ਸਮਝਦੀਆਂ ਹਨ।

ਨਾਰੀਵਾਦੀ ਪੰਜਾਬੀ ਕਵਿਤਾ ਵਿੱਚ ਕੁਝ ਥਾਵਾਂ 'ਤੇ ਅਤਿਵਾਦੀ ਰੁਚੀ ਦਾ ਪ੍ਰਭਾਵ ਵੀ ਸਪੱਸ਼ਟ ਦੇਖਿਆ ਜਾ ਸਕਦਾ ਹੈ। ਪੁਰਸ਼ਾਂ ਨੂੰ ਖ਼ੂੰਖਾਰ ਜਾਨਵਰ ਸਮਝ ਕੇ ਉਸ ਨਾਲੋਂ ਹਰ ਪ੍ਰਕਾਰ ਦਾ ਨਾਤਾ ਤੋੜ ਲੈਣ ਵਾਲੀ ਸਖਤ ਵਿਤਰੇਕਤ (Rigid Isolated) ਦ੍ਰਿਸ਼ਟੀ ਰਾਹੀਂ ਇਹ ਪ੍ਰਭਾਵ ਉਜਾਗਰ ਹੁੰਦਾ ਹੈ। ਇਸ ਪ੍ਰਭਾਵ ਅਧੀਨ ਵਿਚਰਦੀ ਕਵਿਤਾ ਔਰਤ ਦੀ ਸਮਾਜਕ ਰਚਨਾਤਮਕ ਸ਼ਕਤੀ ਦੇ ਨਾਲ-ਨਾਲ ਉਸ ਦੀ ਕੁਦਰਤੀ ਕਰਤਾਰੀ ਸ਼ਕਤੀ ਦੇ ਵੀ ਵਿਰੁੱਧ ਜਾ ਖੜ੍ਹੀ ਹੁੰਦੀ ਹੈ। ਇਸ ਸਖਤ ਵਿਰੋਧ ਦਾ ਭਾਸ਼ਾਈ ਰੂਪ ਜੋਰਦਾਰ ਐਲਾਨਾਮੇ, ਕਠੋਰ ਸੰਬੋਧਨਾਂ ਤੇ ਆਧਾਰਹੀਣ ਨਾਅਰਿਆਂ ਵਜੋਂ ਪ੍ਰਾਪਤ ਹੋਵੇਗਾ। ਇਸ ਤੋਂ ਅਲੱਗ ਅਜਿਹੀਆਂ ਰਚਨਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿੰਨ੍ਹਾਂ ਵਿੱਚ ਔਰਤ-ਮਰਦ ਦੇ ਸਹਿਜ ਸੰਬੰਧਾਂ ਦੀ ਗਹਿਰੀ ਤੇ ਵਿਸ਼ਾਲ ਅੰਤਰਦ੍ਰਿਸ਼ਟੀ ਸਮਾਈ ਹੋਈ ਹੈ ਅਤੇ 'ਪੱਖਪਾਤੀ ਢਾਂਚੇ' ਦਾ ਵੀ ਬਰਾਬਰ ਖਿਆਲ ਰੱਖਿਆ ਗਿਆ ਹੈ :

*ਉਹ ਆਇਆ/ ਪਰ ਰਵਾਇਤਾਂ ਦਾ ਗੁਲਾਮ ਬਣਕੇ*
*ਭੀੜ ਤੋਂ ਡਰਦਾ/ ਬਿਨਾਂ ਸੰਗ ਤੁਰਿਆਂ ਮੁੜ ਗਿਆ।* [8]

ਇਸ ਪਰਿਪੇਖ ਵਿੱਚ ਅਮਰ ਜਿਉਤੀ ਜਿੱਥੇ ਆਪਣੀ ਕਵਿਤਾ ਵਿੱਚ ਘਰ, ਪਰਿਵਾਰ, ਪਿਆਰ, ਪਤੀ, ਮਰਦ ਤੇ ਹੋਰ ਅਹਿਮ ਰਿਸ਼ਤਿਆਂ ਦੇ ਪਰੰਪਰਕ ਮਾਡਲ ਨੂੰ ਵੰਗਾਰਦੀ ਹੈ ਉੱਥੇ ਨਾਰੀ ਹੋਂਦ ਦੇ ਗੌਰਵ ਤੇ ਇਸਦੀ ਇਨਸਾਨੀ ਸਵੀਕ੍ਰਿਤੀ ਨੂੰ ਉਭਾਰਦੀ ਵੀ ਹੈ। ਉਸ ਦੀ ਕਵਿਤਾ ਵਿੱਚ ਔਰਤ ਦੁਆਰਾ ਹੰਢਾਏ ਦਰਦ ਤੇ ਪੀੜਾ ਦੇ ਨਾਲ-ਨਾਲ ਮਰਦਾਵੀਂ ਹਉਮੈਂ ਦੀ ਗੁੰਝਲ ਤੋਂ ਬਗਾਵਤ ਤੇ ਮੁਕਤੀ ਦੀ ਠੋਸ ਅਭਿਲਾਸ਼ਾ ਵੀ ਹੈ :

a) *ਮੇਰੀ ਖ਼ਾਮੋਸ਼ੀ /ਕੈਦ ਏ/ ਜੰਜ਼ੀਰਾਂ ਵਿੱਚ*
*ਐ ਮੁਸੱਵਰ../ਆਵਾਜ਼ ਮੇਰੀ / ਗਲੇ 'ਚੋ ਨਿਕਲਣ ਤੋਂ ਪਹਿਲਾਂ*
*ਹੋ ਜਾਂਦੀ ਏ ਖ਼ਾਮੋਸ਼ / ਗੁਲੂਕਾਰ! / ਗਾ ਸਕਦੈ ਤਾਂ ਗਾ*
*ਮੇਰੀ ਖ਼ਾਮੋਸ਼ੀ ਦੀ ਆਵਾਜ਼ ਦਾ ਗੀਤ...।* [9]

b) *ਉਹ ਹਿਟਲਰੀ ਵਾਰ ਕਰਦਾ / ਤਾਂ ਮੈਂ ਸਹਿ ਲੈਂਦੀ*
*ਗੈਸ ਚੈਂਬਰ ਵਿੱਚ ਜਲਾ ਕੇ ਮੁਕਾ ਦੇਂਦਾ*

*ਮੇਰੀ ਹਸਤੀ ਹੀ ਖ਼ਤਮ ਹੋ ਜਾਂਦੀ*

*ਉਹ ਤਾਂ ਲੜ ਰਿਹੈ / ਮੇਰੇ ਸੰਗ / ਠੰਡੀ ਜੰਗ।* [10]

ਇਸ ਦੇ ਨਾਲੋ-ਨਾਲ ਬਾਜ਼ਾਰੂ ਲਾਲਸਾ ਦੀ ਭਟਕਣ ਦਾ ਸ਼ਿਕਾਰ ਹੋਈ ਤੇ ਭਰਮ ਵੱਸ ਅਲਟਰਾਮੋਡਰਨ ਅਖਵਾਉਂਦੀ ਔਰਤ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਸਭ ਤੋਂ ਵੱਧ ਮਹੱਤਵਪੂਰਨ ਤੇ ਸਮਝਣਯੋਗ ਪਹਿਲੂ ਇਹ ਹੈ ਕਿ ਅਮਰ ਜਿਉਤੀ ਦੀ ਨਵੀਨਤਮ ਕਾਵਿ-ਪੁਸਤਕ 'ਵਕਤ, ਮੌਸਮ ਅਤੇ ਨਜ਼ਮ' ਵਿਚਲੀਆਂ ਕਵਿਤਾਵਾਂ ਨਾਰੀਵਾਦੀ ਸਰੋਕਾਰਾਂ ਤੱਕ ਸੀਮਤ ਨਹੀਂ ਸਗੋਂ ਵਿਸ਼ਾਲ ਮਾਨਵੀ ਪਾਸਾਰਾਂ ਵਾਲੀਆਂ ਹਨ। ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਅਜੋਕੇ ਦੌਰ ਵਿੱਚ ਮਾਨਵੀ ਜੀਵਨ ਨੂੰ ਦਰਪੇਸ਼ ਗੁੰਝਲਾਂ, ਔਕੜਾਂ, ਸੰਕਟਾਂ ਤੇ ਖ਼ਤਰਿਆਂ ਦਾ ਵਿਸ਼ਵ-ਪ੍ਰਸੰਗ ਵਿੱਚ ਚਿਤਰਨ ਅਮਰ ਜਿਉਤੀ ਦੀ ਕਵਿਤਾ ਨੂੰ ਬਹੁਪੱਖੀ ਤੇ ਬਹੁਪਾਸਾਰੀ ਬਣਾਉਂਦਾ ਹੈ।

ਪੱਛਮ ਦੇ ਭਾਰਤ ਨਾਲੋਂ ਹਰ ਪੱਖੋਂ ਵੱਖਰੇ ਸਮਾਜਕ-ਸਭਿਆਚਾਰਕ ਪਰਿਵੇਸ਼ ਨਾਲ ਅਮਰ ਜਿਉਤੀ ਦਾ ਲੰਬਾ ਸਮਾਂ ਵਾਹ ਰਿਹਾ ਹੈ। ਉੱਥੇ ਬਹੁਤ ਸਾਰੇ ਦੇਸ਼ਾਂ, ਧਰਮਾਂ, ਨਸਲਾਂ ਦੇ ਲੋਕ ਵਿਚਰਦੇ ਹਨ। ਡਾ. ਅਮਰ ਜਿਉਤੀ ਦੇ ਤਜ਼ਰਬੇ ਅਨੁਸਾਰ ਬਹੁਰਾਸ਼ਟਰੀ ਤੇ ਬਹੁਸਭਿਆਚਾਰਕ ਹੋਣ ਦੇ ਬਾਵਜੂਦ ਪੱਛਮ ਦਾ ਇਹ ਵਰਤਾਰਾ ਸੰਵਾਦਮਈ ਹੋਣ ਨਾਲੋਂ ਇਕ ਪਾਸੜ ਵਧੇਰੇ ਹੈ। ਨਤੀਜੇ ਵਜੋਂ ਬਹੁਸਭਿਆਚਾਰਕ ਪਛਾਣ ਦਾ ਮਸਲਾ ਪੱਛਮ ਦੇ ਸੰਦਰਭ ਵਿੱਚ ਇੱਕ ਮਹੱਤਵਪੂਰਨ ਮਸਲਾ ਬਣ ਕੇ ਉੱਭਰਦਾ ਹੈ। ਬਹੁਸਭਿਆਚਾਰਕ ਪਛਾਣ ਦਾ ਮੂਲ ਧੁਰਾ ਸਮਾਨਤਾ ਦੇ ਮਸਲੇ ਨਾਲ ਜੁੜਿਆ ਹੋਇਆ ਹੈ। ਇਸ ਦਾ ਮੁੱਖ ਉਦੇਸ਼ ਇਹ ਹੈ ਕਿ ਵਿਭਿੰਨ ਕੌਮਾਂ, ਕੌਮੀਅਤਾਂ ਤੇ ਘੱਟ ਗਿਣਤੀ ਸਮੂਹ ਆਪਸ ਵਿੱਚ ਸਾਰਥਕ ਮੇਲ ਜੋਲ ਬਣਾ ਕੇ ਰੱਖਣ ਅਤੇ ਰਾਸ਼ਟਰ ਦੇ ਵਿਕਾਸ ਵਿੱਚ ਆਪਣਾ ਬਣਦਾ ਯੋਗਦਾਨ ਦੇਣ। ਸਿਧਾਂਤਕ ਤੌਰ 'ਤੇ ਵਿਭਿੰਨ ਸਭਿਆਚਾਰਾਂ ਦੀ ਸਮਾਨਤਾ ਦਾ ਇਹ ਮਸਲਾ ਲੋਕਤੰਤਰਕ ਦ੍ਰਿਸ਼ਟੀ ਤੋਂ ਵਿਭਿੰਨ ਸਭਿਆਚਾਰਕ ਸਮੂਹਾਂ ਨੂੰ ਜਨਤਕ ਥਾਵਾਂ ਉੱਤੇ ਬਰਾਬਰੀ ਦਾ ਅਧਿਕਾਰ ਦਿਵਾਉਣ ਪ੍ਰਤੀ ਵਚਨਬੱਧ ਵੀ ਹੈ ਪਰ ਵਿਹਾਰਕ ਪੱਧਰ 'ਤੇ ਅਜਿਹਾ ਸੁਖਾਵਾਂ ਮਾਹੌਲ ਨਹੀਂ ਹੈ। 1960ਵਿਆਂ ਵਿੱਚ ਅਮਰੀਕਾ ਵਿੱਚ ਕਾਲੇ ਲੋਕ, ਮੈਕਸੀਨਜ਼, ਘੱਟ ਗਿਣਤੀ, ਗੈਰ ਯੂਰੋਪੀ ਤੇ ਹੋਰ ਵਿਭਿੰਨ ਹਾਸ਼ੀਆਗ੍ਰਸਤ ਸਮੂਹਾਂ ਨੇ ਅਮਰੀਕਾ ਦੇ ਮੁੱਖ ਸਭਿਆਚਾਰਕ ਸਮੂਹ ਗੋਰੇ ਲੋਕਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਅਮਰੀਕੀ ਸਰਕਾਰ ਉੱਪਰ ਬਹੁਸਭਿਆਚਾਰਕ ਪਛਾਣ ਨੂੰ ਸਥਾਪਤ ਕਰਨ ਲਈ ਦਬਾਅ ਬਣਾਇਆ। ਇਸ ਦਬਾਅ ਅਧੀਨ ਅਮਰੀਕੀ ਸਰਕਾਰ ਨੇ ਮਜ਼ਬੂਰੀ ਵੱਸ ਅਮਰੀਕਾ ਨੂੰ ਬਹੁਸਭਿਆਚਾਰਕ ਰਾਸ਼ਟਰ ਹੋਣ ਦਾ ਐਲਾਨ ਕੀਤਾ। ਇਸ ਲਹਿਰ ਦਾ ਪ੍ਰਭਾਵ ਅਮਰੀਕਾ ਤੋਂ ਬਾਹਰ ਹੋਰਨਾਂ ਦੇਸ਼ਾਂ ਖਾਸ ਕਰਕੇ ਯੂਰੋਪ ਵਿੱਚ ਵੀ ਪਿਆ। ਪਰ ਪੂੰਜੀਵਾਦੀ ਵਿਸ਼ਵੀਕਰਣ ਦੇ ਭਾਰੂ ਵਰਤਾਰੇ ਨੇ ਆਪਣੇ ਆਰਥਿਕ ਹਿਤਾਂ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਵਿਸ਼ਵ ਨੂੰ ਬਾਜਾਰੂ-ਕਦਰਾਂ ਅਨੁਸਾਰ ਤਬਦੀਲ ਕਰਨ ਦੀ ਨੀਤੀ ਅਪਨਾ ਰੱਖੀ ਹੈ। ਜਿਸ ਦੇ ਚੱਲਦਿਆਂ ਪੂੰਜੀਵਾਦੀ ਆਰਥਿਕ ਗਲਿਆਰੇ ਸਮੁੱਚੀ ਪ੍ਰਕਿਰਤੀ ਤੇ ਮਨੁੱਖੀ 'ਅਵਚੇਤਨ' ਤੱਕ ਨੂੰ ਆਪਣੇ ਅਧੀਨ ਢਾਲ ਕੇ ਮਨੁੱਖ ਦੀ ਸੋਚ-ਸ਼ਕਤੀ ਉੱਤੇ ਆਪਣਾ ਵਿਸ਼ੇਸ਼ ਪ੍ਰਭੁਤਵ ਸਥਾਪਤ ਕਰਨ ਵਿੱਚ ਲੱਗੇ ਹੋਏ ਹਨ। ਵਿਸ਼ਵੀਕਰਨ ਦੇ ਅਜਿਹੇ ਆਰਥਿਕ ਤੇ ਰਾਜਨੀਤਕ ਵਰਤਾਰੇ ਨੇ ਸਮੁੱਚੇ ਸਮੂਹਾਂ ਦੇ ਸਭਿਆਚਾਰਕ ਵਰਤਾਰਿਆਂ ਦੀ ਮੌਲਿਕਤਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸੇ ਦਾ ਨਤੀਜਾ ਹੈ ਕਿ ਬਹੁਸਭਿਆਚਾਰਕ ਪਛਾਣ ਦਾ ਮਸਲਾ ਕੇਵਲ ਸਿਧਾਂਤਕ ਬਣ ਕੇ ਰਹਿ ਗਿਆ। ਡਾ. ਅਮਰ ਜਿਉਤੀ ਦੀ ਕਵਿਤਾ ਵਿੱਚ ਕਾਨੂੰਨੀ ਤੌਰ 'ਤੇ ਬਹਸਭਿਆਚਾਰਕ ਅਖਵਾਉਂਦੇ ਪੱਛਮੀ ਮੁਲਕਾਂ ਵਿੱਚ ਆਪਣੀ ਮੌਲਿਕ ਪਛਾਣ ਦਾ ਮਸਲਾ ਕੇਵਲ ਤਣਾਉਗ੍ਰਸਤ ਹੋਂਦ ਵਜੋਂ ਨਹੀਂ ਬਲਕਿ ਮੁੱਖ ਸੰਕਟ ਬਣ ਕੇ ਉਭਰਿਆ:

a) *ਖ਼ਾਨਾਬਦੋਸ਼ ਵੀ / ਆਪਣੀ ਇੱਕ ਸਭਿਅਤਾ ਜੀਂਦੇ ਹਨ*
*ਹਰ ਫ਼ਿਜ਼ਾ 'ਚ /ਆਪਣੀ ਮਰਜੀ ਨਾਲ / ਸਾਹ ਲੈਂਦੇ ਹਨ .....*
*ਪਰ ਅਸੀਂ ਤਾਂ ਗੁਲਾਮ ਸਾਂ ਪਹਿਲਾਂ / ਹੁਣ ਹਾਂ ਬੇਵਤਨ*
*ਕਿ ਅਸੀਂ ਤਾਂ ਖ਼ਾਨਾਬਦੋਸ਼ ਵੀ ਨਹੀਂ।* [11]

b) *ਬੇਗਾਨੇ ਮੁਲਕ ਵਿੱਚ ਰਹਿਣਾ/ ਤੇ ਬੇਗਾਨਿਆਂ ਦੀਆਂ*
*ਕਮੀਨਗੀ ਭਰੀਆਂ / ਨਜ਼ਰਾਂ ਨੂੰ ਸਾਹਿਣਾ ਹੀ/ ਬੇਵਤਨੀ ਹੈ।* [12]

c) *ਪਰ ਸਾਹ ਲੈਂਦਿਆ/ ਜਿਹੜੀ ਹਵਾ*
*ਸਾਡੇ ਅੰਦਰ ਜਾਂਦੀ ਹੈ / ਉਹ ਮੇਰੇ ਦੇਸ਼ ਦੀ ਤਾਂ ਨਹੀਂ।* [13]

d) *ਅਸੀਂ ਕਿਉਂ ਭਏ ਪ੍ਰਦੇਸ ਨੀ ਅੰਮੀ ਮੇਰੀਏ*
*ਸਾਨੂੰ ਚੰਗੀ ਸੀ ਬਾਲ ਵਰੇਸ ਨੀ ਅੰਮੀ ਮੇਰੀਏ* [14]

'ਵਕਤ ਮੌਸਮ ਅਤੇ ਨਜ਼ਮ' ਵਿਚਲੀਆਂ ਕਵਿਤਾਵਾਂ ਕਿਸੇ ਖਾਸ ਸਮੱਸਿਆ ਜਾਂ ਮਸਲੇ ਉੱਤੇ ਕੇਂਦਰਤ ਹੋਣ ਦੀ ਬਜਾਏ ਬਹੁਪਾਸਾਰੀ ਹਨ। ਇਸ ਕਵਿ-ਪੁਸਤਕ ਦੀ ਭੂਮਿਕਾ ਵਿੱਚ ਡਾ. ਅਮਰ ਜਿਉਤੀ ਸਪੱਸ਼ਟ ਕਰਦੀ ਹੈ:

a) *ਵਕਤ ਦੇ ਬੀਤਣ ਨਾਲ ਤਬਦੀਲ ਹੋ ਰਹੇ ਇਸ ਸਭਿਆਚਾਰਕ*

*ਮਾਹੌਲ ਵਿੱਚ ਮਨੁੱਖ ਦੀ ਹੋਣੀ ਬਾਰੇ ਮੈਂ ਪਿਛਲੇ ਸਾਲਾਂ ਵਿੱਚ ਬਹੁਤ ਸਾਰੀਆਂ ਨਜ਼ਮਾਂ ਲਿਖੀਆਂ ਜਿੰਨ੍ਹਾਂ ਵਿੱਚੋਂ ਕੁਝ ਇਸ ਪੁਸਤਕ ਵਿੱਚ ਸ਼ਾਮਿਲ ਕੀਤੀਆਂ ਹਨ। ਕਵਿਤਾਵਾਂ ਦੇ ਨਾਲ ਉਹਨਾਂ ਦੀ ਲਿਖਣ ਤਾਰੀਖ ਵੀ ਦਿੱਤੀ ਗਈ ਹੈ ਤਾਂ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਆਈਆਂ ਤਬਦੀਲੀਆਂ ਅਤੇ ਮਨੁੱਖੀ ਹੋਂਦ ਉੱਤੇ ਇਸਦੇ ਪੈ ਰਹੇ ਪ੍ਰਭਾਵ ਦੀ ਦਸਤਾਵੇਜ਼ ਨੂੰ ਇਹਨਾਂ ਨਜ਼ਮਾਂ ਰਾਹੀਂ ਪਛਾਣਿਆ ਅਤੇ ਸਾਂਭਿਆ ਜਾ ਸਕੇ।*[15]

b) *ਇਸ ਪੁਸਤਕ ਦੀਆਂ ਕਵਿਤਾਵਾਂ ਵਿੱਚ ਜਿੱਥੇ ਮਨੁੱਖ ਦੀ ਹੋਣੀ ਨੂੰ ਵਕਤ ਦੇ ਬਦਲਦੇ ਮੌਸਮ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ ਉੱਥੇ ਮੇਰਾ ਸਵੈ ਵੀ ਇਹਨਾਂ ਵਿੱਚ ਸ਼ਾਮਿਲ ਹੈ।*[16]

ਅਮਰ ਜਿਉਤੀ ਦੀ ਇਸ ਕਾਵਿ-ਪੁਸਤਕ ਵਿੱਚ ਕੇਵਲ ਨਾਰੀ-ਸੰਵੇਦਨਾ ਦੀ ਧੁਨੀ ਹੀ ਸੁਣਾਈ ਨਹੀਂ ਦਿੰਦੀ ਸਗੋਂ ਵਕਤ ਤੇ ਮੌਸਮ ਦੀ ਜਟਿਲਤਾ ਨਾਲ ਬਹੁਪੱਖੀ ਸੰਵਾਦ ਰਚਾਉਣ ਦੀ ਵਿਧੀ ਅਗਰਭੂਮੀ ਵਿੱਚ ਹੈ। ਹਾਲਾਂਕਿ ਨਾਰੀ-ਸੰਵੇਦਨਾ ਵਾਲੀ ਕਵਿਤਾ ਦੇ ਪ੍ਰਸੰਗ ਵਿੱਚ ਵੀ ਅਮਰ ਜਿਉਤੀ ਦਾ ਦ੍ਰਿਸ਼ਟੀਕੋਣ ਵੱਖਰਾ ਹੈ ਜੋ ਕਿ ਪ੍ਰਚੰਡ-ਚੇਤਨਾ ਦਾ ਲਖਾਇਕ ਹੈ। ਇਸ ਪ੍ਰਸੰਗ ਵਿੱਚ ਡਾ. ਰਘਬੀਰ ਸਿੰਘ ਸਿਰਜਣਾ ਦੀ ਇਸ ਟਿੱਪਣੀ ਨੂੰ ਦੇਖਣਾ ਅਤਿਅੰਤ ਸਾਰਥਕ ਹੋਵੇਗਾ:

*ਔਰਤ ਦੀ ਤ੍ਰਾਸਦੀ ਨੂੰ ਬਿਆਨਣ ਸਮੇਂ ਉਹ ਮਹਿਜ਼ ਰੁਦਨ ਦੀ ਸੁਰ ਹੀ ਨਹੀਂ ਅਲਾਪਦੀ ਸਗੋਂ ਇੱਕ ਪ੍ਰਬੁੱਧ ਵਿਅਕਤੀ ਵਜੋਂ ਉਹ ਸਵੈ-ਭਰੋਸੇ ਨਾਲ ਗੱਲ ਕਰਦੀ ਹੈ। ਸ਼ਾਇਰਾ ਕੇਵਲ ਔਰਤ ਦੀ ਸਮੱਸਿਆ ਤੱਕ ਹੀ ਸੀਮਤ ਨਹੀਂ ਰਹਿੰਦੀ ਉਹ ਸਮੁੱਚੀ ਜ਼ਿੰਦਗੀ ਨੂੰ ਕਲਾਵੇ ਵਿੱਚ ਲੈਂਦੀ ਹੈ। ਸ਼ਾਇਰਾ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ, ਔਰਤ ਨੂੰ ਉਸਦੀ ਸਖ਼ਸ਼ੀਅਤ ਪ੍ਰਦਾਨ ਕਰਨ, ਸਮਕਾਲੀ ਸੰਸਾਰ ਨੂੰ ਧਰਮ, ਨਸਲ ਤੇ ਜੁਬਾਨ ਦੀਆਂ ਦੀਵਾਰਾਂ ਤੇ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਨ ਅਤੇ ਵਣਜ ਪ੍ਰਵਿਰਤੀ ਦੇ ਪਾਸਾਰ ਦੀ ਥਾਂ ਚਾਨਣ ਬਿਖੇਰਨ ਦੀ ਲੋਚਾ ਕਰਦੀ ਹੈ। ਇੰਜ ਉਹ ਵਿਸ਼ਾਲ ਮਾਨਵਵਾਦੀ ਦ੍ਰਿਸ਼ਟੀ ਵਾਲੀ ਲੇਖਿਕਾ ਵਜੋਂ ਉੱਭਰਦੀ ਹੈ।*[17]

ਮੇਰੀ ਨਜ਼ਰ ਵਿੱਚ ਅਜੋਕੇ ਦੌਰ ਦਾ ਸਭ ਤੋਂ ਮਹੱਤਵਪੂਰਨ ਮੁੱਦਾ ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਜਟਿਲ-ਜਾਲ ਦਾ ਹੈ ਜਿਸ ਦੀਆਂ ਅੱਗੋਂ ਬਹੁਤ ਸਾਰੀਆਂ ਪਰਤਾਂ ਤੇ ਪਾਸਾਰ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਕਵਿਤਰੀ ਆਪਣੀਆਂ ਵਿਭਿੰਨ ਕਾਵਿ-ਪੁਸਤਕਾਂ ਵਿੱਚ ਇਸ ਗੰਭੀਰ ਮਸਲੇ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਇਸੇ ਕਰਕੇ ਉਹ ਅਜੋਕੇ ਵਕਤ ਤੇ ਮੌਸਮ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਣ, ਇਸ ਦੀਆਂ ਘੁੰਡੀਆਂ ਨੂੰ ਖੋਲ੍ਹਣ ਅਤੇ ਇਹਨਾਂ ਦੁਆਰੇ ਬਣੇ ਪ੍ਰਭਮੰਡਲ (Aura) ਦਾ ਪਰਦਾਫਾਸ਼ ਕਰਕੇ ਵਾਸਤਵਿਕਤਾ ਦੀ ਸਪੱਸ਼ਟ ਪਛਾਣ ਕਰਵਾਉਣ ਲਈ ਯਤਨਸ਼ੀਲ ਹੈ। ਪੂੰਜੀਵਾਦੀ ਵਿਸ਼ਵੀਕਰਣ ਦੇ ਇਸ ਦੌਰ ਵਿੱਚ ਸਮੁੱਚੀ ਪ੍ਰਕਿਰਤੀ, ਵਸਤੂਆਂ ਤੇ ਤਕਨੀਕਾਂ ਦੇ ਨਾਲ-ਨਾਲ ਮਨੁੱਖ ਦੀ ਸੋਚ ਪ੍ਰਣਾਲੀ ਨੂੰ ਵੀ ਬਾਜ਼ਾਰ ਦੀ ਚਾਲ ਅਨੁਕੂਲ ਢਾਲਿਆ ਜਾ ਰਿਹਾ ਹੈ। ਨਤੀਜੇ ਵਜੋਂ ਅਜੋਕੇ ਦੌਰ ਦੀ ਵਾਸਤਵਿਕਤਾ ਇਹ ਹੈ ਕਿ ਸੰਸਾਰ ਦਾ ਕੋਈ ਵੀ ਵਰਤਾਰਾ ਅਜਿਹਾ ਨਹੀਂ ਜੋ ਪੂੰਜੀ ਦੀ ਜੱਦ ਤੋਂ ਬਾਹਰ ਰਹਿ ਗਿਆ ਹੋਵੇ। ਬਿਫ਼ਰੀ ਪੂੰਜੀ ਦੇ ਅਜੋਕੇ ਦੌਰ ਵਿੱਚ ਪੂੰਜੀਵਾਦੀ ਗਲਿਆਰਿਆਂ ਨੇ ਸਮੁੱਚੇ ਸੰਸਾਰ ਦੀ ਆਰਥਿਕਤਾ ਦੇ ਨਾਲ-ਨਾਲ ਸਮਾਜਕ ਵਰਤਾਰਿਆਂ ਨੂੰ ਵੀ ਆਪਣੇ ਅਧੀਨ ਕਰਕੇ ਵਰਤਣ ਦੀ ਮਾਰੂ ਨੀਤੀ ਅਪਨਾ ਰੱਖੀ ਹੈ ਜੋ ਆਪਣਾ ਪੂਰਾ ਅਸਰ ਦਿਖਾ ਵੀ ਰਹੀ ਹੈ। ਇਸ ਨੀਤੀ ਤਹਿਤ ਵਿਸ਼ਵ ਦੇ ਅਸਲੀ ਨਾਇਕ ਮੰਨੇ ਜਾਣ ਵਾਲੇ ਵੱਡੇ ਸਮਾਜਕ ਆਗੂਆਂ ਦੇ ਬਿੰਬ ਨੂੰ ਵੀ ਬਾਜ਼ਾਰ ਦੀ ਜੱਦ ਵਿੱਚ ਲਿਆ ਕੇ ਉਹਨਾਂ ਦੀ ਅਸਲੀ ਅਹਿਮੀਅਤ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਤਸੱਲੀ ਵਾਲੀ ਗੱਲ ਇਹ ਹੈ ਕਿ 'ਵਕਤ ਮੌਸਮ ਅਤੇ ਨਜ਼ਮ' ਕਾਵਿ-ਪੁਸਤਕ ਦੀ ਮੁੱਢਲੀ ਕਵਿਤਾ 'ਸਮਾਈਲਿੰਗ ਫੇਸ' ਵਿੱਚ ਹੀ ਅਮਰ ਜਿਉਤੀ ਇਸ ਛੜਯੰਤਰ ਦੇ ਕਈ ਪੱਖਾਂ ਨੂੰ ਬੇਪਰਦ ਕਰ ਦਿੰਦੀ ਹੈ:

*ਸਧੋਦਨ ਦਾ ਬੇਟਾ ਉਦਾਸ ਹੈ/ ਉਸ ਦਾ ਸਮਾਈਲਿੰਗ ਫੇਸ*
*ਵਿਕ ਰਿਹਾ ਬਾਜ਼ਾਰ ਵਿੱਚ/ ਗਿਫ਼ਟ ਹੋ ਰਿਹਾ ਲੋਕਾਂ ਵਿੱਚ*
*ਬੁੱਤ ਉਹਦੇ ਲੱਗਦੇ/ ਰਾਜਨੀਤਕ ਗਲਿਆਰਿਆਂ ਵਿੱਚ*
*ਜਿੱਥੇ ਸੌਦੇ ਹੁੰਦੇ/ ਦਹਿਸ਼ਤ ਦੇ / ਵਹਿਸ਼ਤ ਦੇ / ਮੌਤ ਦੇ....*
*ਗਲੋਬਲਾਈਜੇਸ਼ਨ ਦਾ/ ਢੰਡੋਰਾ ਫਿਰ ਰਿਹਾ*
*ਇਸ਼ਤਿਹਾਰੀ ਬਾਜ਼ਾਰ ਫੈਲਦਾ .....*
*ਗਰੀਬੀ ਰੇਖਾ ਥੱਲੇ ਦੱਬੇ ਲੋਕ/ ਮਰ ਰਹੇ ਸੜ ਰਹੇ / ਮਾਨਵ ਬੰਬ ਬਣ ਰਹੇ*
*ਧਰਤੀ ਨੂੰ ਬਲਦਾ ਵੇਖ/ ਉਦਾਸ ਹੈ/ ਸਧੋਦਨ ਦਾ ਬੇਟਾ ਸਿਧਾਰਥ* [18]

ਇਸ ਕਾਵਿ-ਪੁਸਤਕ ਵਿੱਚ 'ਬਾਬਾ ਨਾਨਕ ਉਦਾਸ ਹੈ' ਨਜ਼ਮ ਵੀ ਗੁਰੂ ਨਾਨਕ ਦੇਵ ਜੀ ਤੇ ਸ਼ਹੀਦ ਭਗਤ ਸਿੰਘ ਦੇ ਹਵਾਲੇ ਨਾਲ ਅਜੋਕੇ ਰਾਜਨੀਤਿਕ ਪ੍ਰਬੰਧ ਅਧੀਨ ਸਾਡੀ ਜੀਵਨ-ਜਾਂਚ ਵਿੱਚ ਆਈ ਗਿਰਾਵਟ ਨੂੰ ਵੀ ਚਿਤਰਦੀ ਹੈ ਅਤੇ ਪੂੰਜੀਵਾਦੀ ਲਾਲਸਾਵਾਂ ਅਧੀਨ ਪ੍ਰਕਿਰਤਕ ਸਾਧਨਾਂ ਦੀ ਹੋਈ ਅੰਨ੍ਹੀ

ਲੁੱਟ ਦੇ ਪ੍ਰਕੋਪ ਨੂੰ ਵੀ ਉਜਾਗਰ ਕਰਦੀ ਹੈ:

*ਬ੍ਰਹਿਮੰਡ ਜਿਸ ਥਾਲ ਬਣਾਇਆ / ਇਬਾਦਤ ਕਰਨ ਲਈ ਰੱਬ ਦੀ*
*ਮਾਣਕ,ਮੋਤੀਆਂ, ਤਾਰਿਆਂ ਨਾਲ ਸਜਾਇਆ / ਚੰਨ ਤੇ ਸੂਰਜ ਦੀਪ ਜਗਾਏ*
*ਪਵਨ ਚਵਰ ਕਰੇ / ਨਿਰਭੈ ਦੇ ਪ੍ਰੇਮ ਵਿੱਚ ਰਮਿਆ / ਨਾਨਕ ਆਰਤੀ ਗਾਉਂਦਾ*
*ਬ੍ਰਹਿਮੰਡ ਨੂੰ ਖੰਡਿਤ ਹੁੰਦਾ ਵੇਖ ਕੇ / ਓਜ਼ੋਨ ਨੂੰ ਟੁੱਟਦਾ ਵੇਖਕੇ / ਨਾਨਕ ਸ਼ਾਇਰ ਉਦਾਸ ਹੈ।* [19]

ਬਹੁਰਾਸ਼ਟਰੀ ਨਿਗਮਾਂ ਦੁਆਰਾ ਸਥਾਪਤ ਪੂੰਜੀਵਾਦੀ ਵਿਸ਼ਵੀਕਰਣ ਦਾ ਵਰਤਾਰਾ ਮਨੁੱਖੀ ਅਵਚੇਤਨ ਉੱਤੇ ਇਸ ਕਦਰ ਭਾਰੂ ਹੋ ਗਿਆ ਹੈ ਕਿ ਪਰਾਈ ਤੇ ਸਤਹੀ ਸੋਚ ਦਾ ਧਾਰਨੀ ਹੋ ਕੇ ਮਨੁੱਖ ਮੰਡੀ ਤੇ ਮੁਨਾਫ਼ੇ ਦੇ ਅਜੋਕੇ ਦੌਰ ਵਿੱਚ ਤਰ੍ਹਾਂ-ਤਰ੍ਹਾਂ ਦੇ ਨਾਚ ਨੱਚ ਰਿਹਾ ਹੈ। ਅਸਲੀ ਵਿਅੰਗ ਤਾਂ ਇਹ ਹੈ ਕਿ ਇਸੇ ਸਤਹੀਪਣ ਨੂੰ ਸਖਸ਼ੀ ਆਜ਼ਾਦੀ ਕਰਾਰ ਦੇ ਰਿਹਾ ਹੈ। ਸਤਹੀਪਣ ਦੇ ਇਸ ਦੌਰ ਵਿੱਚ ਪ੍ਰਤਿਬੱਧ ਸਮਾਜਕ ਆਗੂਆਂ ਦੀ ਥਾਂ ਫਿਲਮੀ ਸਿਤਾਰੇ ਨਾਇਕ ਹੋ ਨਿੱਬੜੇ ਹਨ। ਅਨਿਆਂ ਵਿਰੁੱਧ ਸੰਘਰਸ਼ ਕਰਨ ਦੇ ਠੋਸ ਸੰਸਕਾਰਾਂ ਦੀ ਥਾਂ ਧਨ ਦੀ ਲਾਲਸਾ, ਧੌਂਸ ਤੇ ਅਜੀਬੋ-ਗਰੀਬ ਫੈਸ਼ਨਾਂ ਰਾਹੀਂ ਆਧੁਨਿਕ ਅਖਵਾਉਣ ਦੇ ਭਰਮ ਪ੍ਰਤਿ ਰੁਚੀ ਕਿਤੇ ਵਧੇਰੇ ਹੈ। ਸਤਹੀਪਣ, ਦਿਖਾਵੇ, ਆਡੰਬਰ ਤੇ ਬਾਜ਼ਾਰੂ ਕਦਰਾਂ ਦੇ ਇਸ ਤਿਲਕਵੇਂ ਤੇ ਸੱਖਣੇ ਦੌਰ ਵਿੱਚ ਰਹਿੰਦੀ ਖੂੰਹਦੀ ਕਸਰ 'ਵਿਕਾਊ ਮੀਡੀਆ' ਪੂਰੀ ਕਰ ਦਿੰਦਾ ਹੈ:

*ਹਰ ਕਿਸੇ ਦਾ ਸੁਪਨਾ / ਐਕਟਰ, ਮੌਡਲ, ਸਿੰਗਰ / ਬਣਨ ਦਾ ਭਰਮ ਪਾਲਦੇ*
*ਕਰਲੀ ਹੇਅਰ /ਰੰਗੇ ਵਾਲ ਟੈਟੂ ਖੁਦਵਾ ਕੇ/ ਨੱਥ ਪਵਾ ਕੇ /ਨਸ਼ਿਆਂ ਨਾਲ ਯਾਰੀ ਲਾ ਕੇ ......*
*ਲਿੰਜਰੀ ਟੌਪ /ਨੰਗ ਮੁਨੰਗੀ / ਐਕਟਰੈੱਸ ਪਾਵੇ*
*ਆਧੁਨਿਕ ਬਣਨ ਦੀ ਹੋੜ ਹੈ ਲੱਗੀ............*
*ਮੀਡੀਆ ਆਖੇ / ਵੇਖੋ ਹੋਇਆ / ਕਿੰਨਾ ਕਮਾਲ* [20]

ਇਸੇ ਪ੍ਰਸੰਗ ਵਿੱਚ 'ਰੋਲ ਮੌਡਲ ਅਤੇ ਸ਼ੋਹਰਤ', 'ਸਾਨੂੰ ਕੀ', 'ਮੁਸਕਾਨ ਕਿੱਡਨੈਪ ਹੋ ਗਈ', 'ਭਾਰਤੀ ਟੀ.ਵੀ. ਸੀਰੀਅਲ' ਆਦਿ ਰਚਨਾਵਾਂ ਵੀ ਵੇਖੀਆਂ ਜਾ ਸਕਦੀਆਂ ਹਨ:

*ਮਲਿਕਾ ਫਿਲਮਾਂ ਵਾਲੀ / ਸੱਤ ਮਿੰਟ ਦਾ ਨਾਚ ਕਰਨ ਲਈ/ ਕਰੋੜ ਰੁਪਿਆ ਵਸੂਲ ਪਾਵੇ*
*ਸਾਖੀ ਵੰਤ ਨੂੰ ਸ਼ਰੇਆਮ / ਸੀਤਾ ਦੇਂਦਾ ਚੁੰਮਣ*
*ਉਹ ਰੌਲਾ ਪਾਉਂਦੀ / ਪ੍ਰੈੱਸ ਬੁਲਾਉਂਦੀ / ਖ਼ਬਰ ਘੁਮਾਉਂਦੀ / ਕਿਸੇ ਨੂੰ ਵੀ ਲਾਜ ਨਾ ਆਉਂਦੀ*
*ਬੱਚਿਆਂ, ਬਜ਼ੁਰਗਾਂ ਦੀਆਂ /ਸੰਸਥਾਵਾਂ ਦਾ ਉਦਘਾਟਨ ਕਰਕੇ*
*ਉਹਨਾਂ ਦਾ ਕਰਦੀ ਮਨੋਰੰਜਨ /ਰੋਲ ਮੌਡਲ ਕਹਾਉਂਦੀ।...............*
*ਸ਼ਿਰਪਾ ਕੈਂਡੀ/ ਸ਼ੋਅ ਜਿੱਤਣ ਦਾ ਜਸ਼ਨ ਮਨਾਉਂਦੀ*
*ਹੌਲੀਵੁੱਡ ਐਕਟਰ ਚੁੰਮੀ ਦੇਂਦਾ /ਚੁੰਮੀ ਲੈਂਦੀ / ਜੱਫੀ ਪਾਉਂਦੀ*
*ਸਟੇਜ 'ਤੇ ਖਲੋ ਕੇ ਮੁਸਕਰਾਉਂਦੀ / ਪਬਲਿਕ ਵੱਲ ਹੱਥ ਵਧਾਉਂਦੀ.....*
*ਹਰ ਮੁਸਕਾਨ ਦੀ ਕੀਮਤ ਵਸੂਲ ਕੇ / ਸ਼ੋਹਰਤ ਪਾਉਂਦੀ / ਰੋਲ ਮੌਡਲ ਅਖਵਾਉਂਦੀ* [21]

ਸੰਸਾਰ ਦੀ ਸਮੁੱਚੀ ਦੌਲਤ ਦਾ ਬਹੁਤ ਵੱਡਾ ਹਿੱਸਾ ਕੁਝ ਗਿਣਤੀ ਦੇ ਪੂੰਜੀਪਤੀ ਗਲਿਆਰਿਆਂ ਦੇ ਹੱਥ ਹੇਠ ਆ ਜਾਣ ਕਰਕੇ ਬਹੁਗਿਣਤੀ ਜਨਤਾ ਲਈ ਗਰੀਬੀ, ਬੇਰੁਜ਼ਗਾਰੀ, ਤੇ ਭੁੱਖਮਰੀ ਦਾ ਜੋ ਦੌਰ ਚੱਲਿਆ ਉਸ ਨੇ ਬਹੁਗਿਣਤੀ ਜਨਤਾ ਦੀ ਜੀਵਨ-ਜਾਂਚ ਉੱਪਰ ਬਹੁਤ ਬੁਰਾ ਅਸਰ ਪਾਇਆ। ਪ੍ਰਚਲਿਤ ਪ੍ਰਬੰਧ ਦੀਆਂ ਪੈਦਾ ਕੀਤੀਆਂ ਕੁਰੀਤੀਆਂ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਉਹਨਾਂ ਦੀ ਸਹਿਜ ਉਸਾਰੂ ਸੋਚ ਦੇ ਉਲਟ ਮਾਰੂ ਵਿਹਾਰ ਕਰਨ ਲਈ ਮਜ਼ਬੂਰ ਕੀਤਾ। ਪ੍ਰਚਲਿਤ ਪ੍ਰਬੰਧ ਦੀ ਬਹੁਪੱਖੀ ਤੇ ਮਾਰੂ ਸਿਆਸਤ ਦੀ ਬੁਰੀ ਤਰ੍ਹਾਂ ਸ਼ਿਕਾਰ ਹੋਈ ਜਵਾਨੀ ਕਵਿਤਰੀ ਦੀਆਂ ਨਜ਼ਰਾਂ 'ਚ:

*a) ਵੇਖਦੀ ਹਾਂ ਮਾਸੂਮ ਬੱਚੇ / ਅੱਥਰੇ ਜਵਾਨ / ਬਿਨਾਂ ਸੋਚੇ ਬਣੇ ਸੋਚਵਾਨ*
*ਖੋਜ ਕਰਨ ਦੇ ਚਾਹਵਾਨ-ਸਿਦਕਵਾਨ / ਘਿਰ ਗਏ ਆਤੰਕਵਾਦੀਆਂ ਦੀਆਂ ਚਾਲਾਂ 'ਚ*
*ਅੱਗ ਦੀਆਂ ਇਹ ਲਪਟਾਂ / ਨਿਗਲ ਰਹੀਆਂ / ਸੋਚਾਂ ਨੂੰ, ਦਲੀਲਾਂ ਨੂੰ, ਸੰਵਾਦ ਨੂੰ*
*ਨਰਾਜ ਹਾਂ ਸਿਸਟਮ ਨਾਲ/ ਅਨਪੜ੍ਹਤਾ ਤੇ ਭੁੱਖ ਨਾਲ*
*ਲਾਚਾਰੀ ਤੇ ਬੀਮਾਰੀ ਨਾਲ / ਜਾਤਪਾਤ ਨਾਲ / ਧਰਮ ਨਾਲ/ ਮਜਬੂਰੀ ਨਾਲ*
*ਅਣਭੋਲ ਉਹਨਾਂ ਬੱਚਿਆਂ ਨਾਲ / ਸ਼ੈਤਾਨਾਂ ਕੋਲੋਂ / ਹਥਿਆਰਬੰਦ ਟਰੇਨਿੰਗ ਲੈਂਦੇ।*

*ਆਖੇ ਆਕਾ ਦੇ ਲੱਗਦੇ / ਜਾਨ ਤਲੀ 'ਤੇ ਰੱਖਦੇ*

*ਜ਼ਹਾਦ ਕਮਾਉਂਦੇ / ਬੇਕਸੂਰ ਲੋਕਾਂ ਨੂੰ ਮਾਰ ਮੁਕਾਉਂਦੇ* [22]

b) *ਔਰਤਾਂ ਤਾਂ ਮਰ ਗਈਆਂ ਚਿਰੋਕਣੀਆਂ / ਜਲੀਲ ਹੁੰਦੀਆਂ ਵਾਰ ਵਾਰ*

*ਰੇਪ ਕੇਂਦਰਾਂ ਵਿੱਚ / ਅੱਜ ਤਾਂ ਉਹ / ਆਮ ਲੋਕਾਂ ਵਿੱਚ ਵਿਚਰ ਕੇ*

*ਆਪਣੇ ਜਿਸਮਾਂ ਨਾਲ ਬੰਨ੍ਹੇ ਬੰਬਾਂ ਨਾਲ/ ਜ਼ਿੰਦਗੀ ਆਪਣੀ ਦਾਅ 'ਤੇ ਲਾ ਕੇ*

*ਖੁਦਕੁਸ਼ੀ ਕਰ ਗਈਆਂ / ਰਾਜਨੇਤਾ ਤੇ ਮੋਹਤਬਰਾਂ / ਲਈ ਸਵਾਲ ਅਨੇਕਾਂ ਛੱਡ ਗਈਆਂ*

*ਸਵਾਲਾਂ ਦਾ ਉੱਤਰਦਾਈ / ਕੋਈ ਵੀ ਨਹੀਂ / ਇਸ ਬਾਰੇ ਕੌਣ ਸੋਚੇ?* [23]

ਇਸ ਮਾਰੂ ਪਰਸਥਿਤੀ ਦਾ ਗੰਭੀਰ ਵਿਅੰਗ ਤਾਂ ਇਹ ਹੈ ਕਿ ਪ੍ਰਚਲਿਤ ਪ੍ਰਬੰਧ ਦੀਆਂ ਅਨੰਤ ਕੁਰੀਤੀਆਂ ਨੂੰ ਪੈਦਾ ਕਰਨ ਵਾਲੇ ਪੂੰਜੀ ਦੇ ਅਲੰਬਰਦਾਰਾਂ, ਵਿਭਿੰਨ ਦੇਸ਼ਾਂ ਦੇ ਰਾਜਨੇਤਾਵਾਂ ਤੇ ਅਖੌਤੀ ਧਾਰਮਿਕ ਆਗੂਆਂ ਉੱਤੇ ਕਿਸੇ ਜ਼ੁਰਮ ਜਾਂ ਸਜਾ ਦੀ ਕੋਈ ਆਂਚ ਨਹੀਂ ਆਉਂਦੀ। ਮਾਰੂ ਹਾਲਾਤਾਂ ਨੂੰ ਪੈਦਾ ਕਰਨ ਲਈ ਜਿੰਮੇਵਾਰ ਸਫ਼ੈਦਪੋਸ਼ ਕਾਨੂੰਨ ਦੇ ਕਿਸੇ ਘੇਰੇ ਵਿੱਚ ਨਹੀਂ ਆਉਂਦੇ। ਮਰਦੀ ਤੇ ਪਿਸਦੀ ਆਮ ਜਨਤਾ ਹੀ ਹੈ। ਚਾਹੇ ਉਹ ਨਸ਼ਿਆਂ ਦਾ ਪ੍ਰਕੋਪ ਹੋਵੇ ਜਾਂ ਮਾਨਵ-ਬੰਬ ਬਣਨ ਦੀ ਮਜ਼ਬੂਰੀ। ਧਨ ਦੇ ਇਕੱਤਰੀਕਰਣ ਕਰਕੇ ਫੈਲੀ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਹੋਵੇ, ਅਦਾਲਤਾਂ ਦੇ ਧੱਕੇ ਖਾਣ ਦੀ ਬੇਵਸੀ ਜਾਂ ਕਾਲ-ਕੋਠੜੀਆਂ ਵਿੱਚ ਤੜਪ ਕੇ ਮਰਨ ਦਾ ਦੁਖਾਂਤ। ਅਮਰ ਜਿਉਤੀ ਦੀ ਕਵਿਤਾ 'ਨਿਸ਼ਾਨਦੇਹੀ' ਇਸੇ ਵਰਤਾਰੇ ਨੂੰ ਨਸ਼ਰ ਕਰਦੀ ਹੈ:

*ਕੁਕਰਮਾਂ ਜ਼ੁਰਮਾਂ ਪਿੱਛੇ / ਛੁਪੇ ਹੱਥਾਂ ਦੀ / ਨਿਸ਼ਾਨਦੇਹੀ ਹੋਵੇ ਕਿਵੇਂ ਹਾਸਲ*

*ਜੋ ਮਾਸੂਮ, ਮਜ਼ਬੂਰ ਲੋਕਾਂ ਨੂੰ / ਦਿਸ਼ਾਹੀਣ ਕਰਕੇ / ਮੁਜ਼ਰਮ ਬਣਾ ਕੇ ਹੋਰ ਵੱਡੇ ਜ਼ੁਰਮ ਕਰਵਾਉਂਣਗੇ / ਆਪ ਜਨਤਾ ਦੇ ਮਾਈ-ਬਾਪ ਅਖਵਾਉਣਗੇ* [24]

ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਸਮੱਸਿਆਕਾਰ ਦਾ ਅਗਲਾ ਘਿਣਾਉਣਾ ਪੱਖ ਅਤਿ ਦਰਜੇ ਦੀ ਗਰੀਬੀ ਅਤੇ ਬੇਹਿਸਾਬ ਧਨ ਵਿਚਲੇ ਪਾੜੇ ਦੇ ਦ੍ਰਿਸ਼ਾਂ ਰਾਹੀਂ ਸਾਹਮਣੇ ਆਉਂਦਾ ਹੈ। ਇੱਕ ਪਾਸੇ ਗਰੀਬੀ ਤੇ ਮਜ਼ਬੂਰੀ ਵੱਸ ਖੇਡਣ ਤੇ ਪੜ੍ਹਨ ਦੀ ਉਮਰ ਵਿੱਚ ਦੂਸਰਿਆਂ ਦੀ ਗੁਲਾਮੀ ਕਰਦੇ ਬੱਚੇ, ਬਿਮਾਰੀਆਂ ਨਾਲ ਭੰਨੇ ਤੇ ਇਲਾਜ ਕਰਾਉਣ ਤੋਂ ਸੱਖਣੇ ਪਿਉ, ਭਾਂਡੇ ਮਾਂਜਦੀਆਂ ਤੇ ਦੂਜਿਆਂ ਦਾ ਉਤਾਰ ਪਹਿਨਦੀਆਂ ਘੱਟੇ ਵਿੱਚ ਰੁਲਦੀਆਂ ਮਾਵਾਂ, ਪੀੜ੍ਹੀਓ-ਪੀੜ੍ਹੀ ਝੁੱਗੀਆਂ ਵਿੱਚ ਰਹਿਣ ਜਾਂ ਸੜਕਾਂ ਕਿਨਾਰੇ ਸੌਣ ਲਈ ਮਜ਼ਬੂਰ ਲੋਕਾਈ ਦੇ ਮਾਰਮਿਕ ਬਿੰਬ 'ਨਜ਼ਮ ਲਿਖਣੀ ਭੁੱਲ ਗਈ' ਕਵਿਤਾ ਵਿੱਚੋਂ ਦੇਖੇ ਜਾ ਸਕਦੇ ਹਨ ਤਾਂ ਦੂਜੇ ਪਾਜਸੇ 'ਹਸ਼ਰ ਹੋਣ ਤੋਂ ਪਹਿਲਾਂ' ਕਵਿਤਾ ਵਿੱਚ ਧਨ, ਦੌਲਤ, ਐਸ਼ੋ ਆਰਾਮ ਤੇ ਫਜ਼ੂਲ ਖਰਚੀ ਦੀ ਇੰਤਹਾ ਦੇ ਦ੍ਰਿਸ਼ ਵੀ ਪ੍ਰਚਲਿਤ ਪ੍ਰਬੰਧ ਦੀ ਕਾਣ ਉੱਤੇ ਵੱਡੇ ਪ੍ਰਸ਼ਨ ਖੜ੍ਹੇ ਕਰਨ ਲਈ ਕਾਫ਼ੀ ਹਨ:

*ਮਜ਼ਬੂਰ ਮਾਪੇ / ਗੁਜ਼ਰ ਬਸਰ ਕਰਨ ਲਈ / ਬੱਚਿਆਂ ਤੋਂ ਕੰਮ ਕਰਵਾਉਂਦੇ ..........*

*ਸਰਘੀ ਵੇਲੇ ਬੱਚਿਆਂ ਨੂੰ / ਘੱਲਦੇ ਜਿਮੀਂਦਾਰ ਦੇ ਖੇਤਾਂ ਵਿੱਚ*

*ਕੰਮ ਕਰਦੇ ਨਿੱਕੇ ਸੀਰੀ / ਉਜਰਤ ਪਾਉਂਦੇ।*

*ਕੈਂਸਰ ਨਾਲ ਬਿਮਾਰ ਪਿਤਾ / ਮੋਢਿਆਂ 'ਤੇ ਚੁੱਕੀ / ਜਿਗਰ ਦਾ ਟੋਟਾ ਹੋਕਾ ਦੇਂਦਾ / 'ਪੁੱਤ ਵਿਕਾਊ ਹੈ'।* [25]

ਇਸੇ ਤਰ੍ਹਾਂ ਅੰਨਦਾਤਾ ਦੀਆਂ ਮਜ਼ਬੂਰੀਆਂ ਤੇ ਸਮੱਸਿਆਵਾਂ ਨੂੰ ਵੀ ਅਮਰ ਜਿਉਤੀ ਨੇ ਆਪਣੀ ਕਵਿਤਾ 'ਕੈਦ ਹੈ ਅਨਾਜ਼' ਵਿੱਚ ਉਠਾਇਆ ਹੈ:

*ਮਿਹਨਤ ਦਿਨ ਰਾਤ ਕਰਕੇ ਅਨਾਜ ਜਿਸ ਬੀਜਿਆ*

*ਕਿਸਾਨ ਖੁਦਕੁਸ਼ੀ ਕਰ ਰਿਹਾ ਕਿੰਨਾ ਕਮਾਲ।* [26]

ਅਮਰ ਜਿਉਤੀ ਦੀਆਂ ਪਹਿਲੀਆਂ ਕਾਵਿ-ਪੁਸਤਕਾਂ ਵਿੱਚ ਵੀ ਨਾਰੀ-ਸੰਵੇਦਨਾ ਦੀ ਧੁਨੀ ਸੁਣਾਈ ਦਿੰਦੀ ਰਹੀ ਹੈ। 'ਵਕਤ ਮੌਸਮ ਅਤੇ ਨਜ਼ਮ' ਪੁਸਤਕ ਵਿੱਚ ਵੀ ਔਰਤ ਦੀਆਂ ਸਮੱਸਿਆਵਾਂ ਤੇ ਪਿਤਰੀ ਸੱਤਾ ਕੇਂਦਰਤ ਸਮਾਜ ਵਿੱਚ ਔਰਤ ਪ੍ਰਤਿ ਨਜ਼ਰੀਏ ਵਿਚਲੀ ਕਾਣ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ। ਵਹਿਸ਼ੀ ਮਰਦਾਂ ਦੀ ਕਾਮ-ਵਾਸ਼ਨਾ ਦਾ ਸ਼ਿਕਾਰ ਹੋਣ ਤੇ ਖੁਦਕੁਸ਼ੀ ਕਰਨ ਲਈ ਮਜ਼ਬੂਰ ਔਰਤ ਦੇ ਕਰੁਣਾਮਈ ਤੇ ਤੱਥਮੂਲਕ ਵੇਰਵੇ 'ਨਿਰੰਤਰ ਡਰ ਜਿਉਂਦੀ ਔਰਤ' ਕਵਿਤਾ ਵਿੱਚ ਰੂਹ ਨੂੰ ਕੰਬਾਉਣ ਵਾਲੇ ਹਨ :

a) *ਔਰਤ ਕੇਵਲ ਜਿਸਮ ਹੁੰਦੀ / ਰੂਹ ਸਮਾਜ ਕੋਲ ਗਿਰਵੀ ਰੱਖਦੀ*

*ਜਦ ਧਰਤੀ 'ਤੇ ਆਉਂਦੀ / ਸਵਾਲਾਂ ਦੀ ਜੂਨ ਹੰਢਾਉਂਦੀ*

*ਰਾਜਧਾਨੀ ਵਿੱਚ ਉਹ ਚਾਹੇ / ਵੱਸਦੀ ਜਾਂ ਕਿਸੇ ਪਿੰਡ ਦੀ ਧੀਅ ਧਿਆਣੀ*

*ਕੌਣ ਬਣ ਜਾਵੇ / ਕਦੋਂ ਕਹਾਣੀ/ ਉਹ ਨਾ ਹੈ ਮਹਿਫੂਜ਼ ਵੇ ਲੋਕਾ![27]*

b) *ਮੈਨੂੰ ਮਾਫ਼ ਕਰ ਦਿਉ ਲੋਕੋ / ਮੈਂ ਮੌਤ ਨੂੰ ਦਾਅਵਤ ਦਿੱਤੀ*

*ਪੰਜਾਬ-ਪੁਰ ਦੀ ਵਾਸੀ / ਬੇਬਸ-ਨਿਤਾਣੀ-ਨਿਮਾਣੀ / ਧੀਅ ਧਿਆਣੀ*

*ਜਿਸਮ ਮੇਰਾ ਕੋਹਿਆ ਵਹਿਸ਼ੀਆਂ / ਰੂਹ ਨੂੰ ਦਿੱਤਾ ਮਾਰ*

*ਉਹਨਾਂ ਨੂੰ ਸ਼ਰਮ ਨਾ ਕੋਈ/ ਸ਼ਰਮਸਾਰ ਮੇਰਾ ਪਰਿਵਾਰ[28]*

ਇਸੇ ਤਰ੍ਹਾਂ ਔਰਤ-ਮਰਦ ਸੰਬੰਧਾਂ ਬਾਰੇ 'ਤ੍ਰਿਸ਼ਨਾ', 'ਕਮੀਨੇ' ਤੇ 'ਸ਼ਤਰੰਜ ਹਾਰੇ' ਕਵਿਤਾਵਾਂ ਘੋਖੀਆਂ ਜਾ ਸਕਦੀਆਂ ਹਨ। ਯਾਦ ਰੱਖਣ ਯੋਗ ਹੈ ਕਿ ਭਾਵੇਂ ਅਮਰ ਜਿਉਤੀ ਨੇ ਆਪਣੀ ਕਵਿਤਾ ਵਿੱਚ ਔਰਤ ਦੇ ਦੁਰਗਾ ਰੂਪ ਭਾਵ ਸੰਘਰਸ਼ਮਈ ਰੂਪ ਨੂੰ ਹੀ ਸਿਰਮੌਰ ਮਹੱਤਵ ਦਿੱਤਾ ਹੈ ਪਰ ਇਸ ਦੇ ਬਾਵਜੂਦ ਵੀ ਉਹ ਔਰਤ ਦੀਆਂ ਜਟਿਲ ਸਮੱਸਿਆਵਾਂ ਦੀ ਵਾਸਤਵਿਕਤਾ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦੀ। ਵਾਸਤਵਿਕ ਜਟਿਲਤਾ ਦੀ ਗਹਿਰਾਈ ਨੂੰ ਪੁੱਟ ਕੇ ਤੇ ਉਸ ਦੀ ਸੂਖਮਤਾ ਨੂੰ ਕੁਰੇਦਦੇ ਹੋਏ ਕਵਿਤਰੀ ਮਿਥ-ਭੰਜਨ ਦੀ ਵਿਧੀ ਵੀ ਅਪਨਾਉਂਦੀ ਹੈ ਅਤੇ ਪ੍ਰਚਲਿਤ ਮਿੱਥਾਂ ਨੂੰ ਵਰਤਮਾਨ ਪ੍ਰਸੰਗ ਨਾਲ ਜੋੜ ਕੇ ਨਵੇਂ-ਅਰਥਾਂ ਦਾ ਸੰਚਾਰ ਵੀ ਕਰਦੀ ਹੈ। ਇਸ ਦੂਹਰੀ-ਪ੍ਰਕਿਰਿਆ ਦੇ ਵਿੱਚੇ-ਵਿੱਚ ਵਿਚਰਦੇ ਹੋਏ ਉਹ ਸਮੁੱਚੇ ਮਾਨਵੀ-ਜੀਵਨ ਦੇ ਵਰਤਮਾਨ ਸੰਕਟਾਂ ਪ੍ਰਤੀ ਚਿੰਤਤ ਹੋਣ ਦੇ ਨਾਲ-ਨਾਲ ਇਸਦੇ ਭਵਿੱਖ ਪ੍ਰਤੀ ਵੀ ਜਾਗ੍ਰਿਤ ਰਹਿੰਦੀ ਹੈ।

ਆਧੁਨਿਕ ਤਕਨੀਕਾਂ ਨੇ ਜਿੱਥੇ ਇੱਕ ਪਾਸੇ ਮਨੁੱਖੀ ਜੀਵਨ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ ਉੱਥੇ ਇਹਨਾਂ ਤਕਨੀਕਾਂ ਦੀ ਗੁਲਾਮੀ ਨੇ ਮਨੁੱਖ ਦੀ ਰੂਹ ਦੀ ਆਜ਼ਾਦੀ ਨੂੰ ਖੋਹਿਆ ਵੀ ਹੈ। ਤਕਨੀਕਾਂ ਦੀ ਪੱਖਪਾਤੀ ਵਰਤੋਂ ਜਾਂ ਕੁਵਰਤੋਂ ਨੇ ਮਨੁੱਖ ਨੂੰ ਕੇਵਲ ਮਾਨਸਿਕ ਪੀੜਾ ਤੇ ਬੀਮਾਰੀਆਂ ਦਾ ਭਾਗੀ ਹੀ ਨਹੀਂ ਬਣਾਇਆ ਸਗੋਂ ਧਰਤੀ ਉੱਤੇ ਵਿਚਰਦੇ ਮਾਨਵੀ-ਜੀਵਨ ਨੂੰ ਹੀ ਸੰਕਟ ਵਿੱਚ ਪਾ ਦਿੱਤਾ ਹੈ। ਮਾਨਵੀ ਗੁਣਾਂ ਦੇ ਪ੍ਰਸਾਰ ਦੀ ਥਾਂ ਮਾਰੂ ਹਥਿਆਰਾਂ ਦੇ ਪ੍ਰਹਾਰ ਨੇ ਲੈ ਲਈ ਹੈ। ਤਕਨੀਕੀ ਵਾਧੇ ਦੇ ਇਹਨਾਂ ਸੰਕਟਾਂ ਪ੍ਰਤੀ ਗੰਭੀਰਤਾ ਨਾਲ ਸੋਚਣ ਤੇ ਠੋਸ ਫੈਸਲੇ ਲੈਣ ਦੀ ਜ਼ਰੂਰਤ ਹੈ। ਅਮਰ ਜਿਉਤੀ ਰਚਿਤ ਕਈ ਕਵਿਤਾਵਾਂ ਵਿੱਚ ਇਹਨਾਂ ਮਸਲਿਆਂ ਨੂੰ ਥਾਂ-ਪੁਰ-ਥਾਂ ਛੋਹਿਆ ਗਿਆ ਹੈ। ਇਸੇ ਪ੍ਰਸੰਗ ਵਿੱਚ 'ਮਨ', 'ਅੰਤਰਮਨ', 'ਮੁਕਤੀ', 'ਆਪਣੇ ਆਪ ਨੂੰ ਮਿਲੀਏ' ਆਦਿ ਕਵਿਤਾਵਾਂ ਰਾਹੀਂ ਮਨੁੱਖ ਦੇ ਸਹਿਜ-ਜੀਵਨ ਦਾ ਮਹੱਤਵ ਦ੍ਰਿੜਾਇਆ ਗਿਆ ਹੈ।

ਡਾ. ਅਮਰ ਜਿਉਤੀ ਦੀਆਂ ਕਵਿਤਾਵਾਂ ਵਿੱਚ ਸੰਘਰਸ਼ ਨੂੰ ਸਿਰਮੌਰ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਮਨੁੱਖ ਦੀ ਜ਼ਿੰਦਗੀ ਦਾ ਬੁਨਿਆਦੀ ਮਹੱਤਵ ਸੰਘਰਸ਼ ਦੀ ਪ੍ਰਕਿਰਿਆ ਨਾਲ ਹੀ ਜੁੜਿਆ ਹੋਇਆ ਹੈ। 'ਖੰਭਾਂ ਨਾਲ ਦੋਸਤੀ' ਤੇ 'ਮਕਸਦ' ਕਵਿਤਾਵਾਂ ਦਾ ਕੇਂਦਰੀ ਮਜ਼ਮੂਨ ਇਹੋ ਹੈ ਕਿ ਸੋਚਵਾਨ ਤੇ ਵਿਦਰੋਹੀ ਬੰਦਿਆਂ ਤੋਂ ਸਥਾਪਤ ਸੱਤਾ ਨੂੰ ਡਰ ਲੱਗਦਾ ਹੈ:

*ਖੰਭ ਉੱਗ ਪਏ / ਜਦ ਮੋਢਿਆਂ 'ਤੇ / ਉੱਡਣਗੇ ਅਸਮਾਨੀ*

*ਖੰਭ ਉੱਗ ਪਏ ਜਦ ਸੋਚਾਂ ਅੰਦਰ ਕੀ ਹੋਵੇਗਾ?*

*ਧਰਮ-ਰਾਜਨੀਤੀ-ਸਮਾਜ / ਸਾਰੇ ਡਰਦੇ।[29]*

ਸੂਫ਼ੀ ਕਵਿਤਾ ਦੇ ਵੱਡੇ ਸਮੀਖਿਆਕਾਰਾਂ ਨੇ ਸੂਫ਼ੀ ਕਵਿਤਾ ਦੀ ਪਰੰਪਰਾ ਵਿੱਚ ਬੁੱਲ੍ਹੇ ਸ਼ਾਹ ਨੂੰ ਸਭ ਤੋਂ ਵੱਧ ਵਿਦਰੋਹੀ ਕਵੀ ਵਜੋਂ ਪ੍ਰਵਾਨ ਕੀਤਾ ਹੈ। ਡਾ. ਅਮਰ ਜਿਉਤੀ ਵੀ ਬੁੱਲ੍ਹੇ ਸ਼ਾਹ ਨੂੰ ਆਪਣਾ ਰਹਿਬਰ ਮੰਨਦੀ ਹੋਈ 'ਵਕਤ, ਮੌਸਮ ਅਤੇ ਨਜ਼ਮ' ਕਾਵਿ-ਸੰਗ੍ਰਹਿ ਵਿੱਚ ਕਈ ਕਵਿਤਾਵਾਂ ਉਸ ਦੀ ਵਿਚਾਰਧਾਰਾ ਨੂੰ ਸਮਰਪਿਤ ਕਰਦੀ ਹੈ। ਜ਼ਿਕਰਯੋਗ ਹੈ ਕਿ ਅਮਰ ਜਿਉਤੀ ਸੂਫ਼ੀ ਲਿਬਾਸ ਵੀ ਪਹਿਨਦੀ ਹੈ। ਇੱਥੋਂ ਉਸ ਦੀ ਵਿਚਾਰਧਾਰਕ ਚੇਤਨਾ ਤੇ ਪ੍ਰਤਿਬੱਧਤਾ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। 'ਚਾਨਣੀ ਦੀ ਚਾਦਰ', 'ਸਿਦਕ ਦਾ ਮਾਨ ਬਥੇਰਾ', 'ਦਿਲ ਸੂਫ਼ੀ ਰੰਗ' ਆਦਿ ਕਵਿਤਾਵਾਂ ਇਸੇ ਵਿਚਾਰਧਾਰਕ ਸਪੱਸ਼ਟਤਾ ਦੀਆਂ ਲਖਾਇਕ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸਤਰੀ-ਪੁਰਸ਼ ਦਾ ਆਪਸੀ ਸੰਬੰਧ ਸਭ ਤੋਂ ਵੱਧ ਸਹਿਜ ਤੇ ਪ੍ਰਕਿਰਤਕ ਹੈ। ਦੋਹਾਂ ਨੂੰ ਇੱਕ ਦੂਸਰੇ ਦੀ ਬੇਹੱਦ ਜ਼ਰੂਰਤ ਹੈ ਅਤੇ ਆਪੋ-ਆਪਣੀ ਮਾਨਵੀ ਸੁਤੰਤਰਤਾ ਰਾਹੀਂ ਦੋਵੇਂ ਮਾਨਵੀ ਗੁਣਾਂ ਨੂੰ ਹਾਸਲ ਕਰ ਸਕਦੇ ਹਨ। ਪਰ ਸਭ ਤੋਂ ਵੱਧ ਮਹੱਤਵਪੂਰਨ ਮਸਲਾ ਇਹ ਹੈ ਕਿ ਮਨੁੱਖੀ ਸਮਾਜ ਦੇ ਇਤਿਹਾਸਕ ਸਫ਼ਰ ਦੌਰਾਨ ਇਹ ਸੰਬੰਧ ਕਿਸ ਰੂਪ ਵਿੱਚ ਸਾਕਾਰ ਹੋਇਆ ਅਤੇ ਕਿਸ ਹੱਦ ਤੱਕ ਮਨੁੱਖ ਨੇ ਸਹੀ ਰੂਪ ਵਿੱਚ ਮਾਨਵੀ ਸੁਭਾਅ ਨੂੰ ਪ੍ਰਾਪਤ ਕੀਤਾ? ਇਹ ਸੱਚ ਹੈ ਕਿ ਪਿਤਰੀ ਸੱਤਾ ਦੇ ਇਤਿਹਾਸਕ ਪਸਾਰੇ ਨੇ ਮਨੁੱਖ ਨੂੰ ਮਨੁੱਖ ਹੋ ਕੇ ਜਿਉਣ ਦੀ ਸੁਤੰਤਰਤਾ ਦੀ ਬਜਾਇ 'ਲਿੰਗ ਭੇਦ' ਦੇ ਪਾੜੇ ਉੱਤੇ ਆਧਾਰਿਤ ਕਰ ਦਿੱਤਾ। ਯਾਦ ਰੱਖਣਾ ਚਾਹੀਦਾ ਹੈ ਕਿ 'ਲਿੰਗ ਭੇਦ' ਦੁਆਲੇ ਰਚਿਆ ਗਿਆ ਵਿਸ਼ਾਲ ਮਿੱਥਕੀ ਸੰਸਾਰ ਮਨੁੱਖਾਂ ਨੂੰ ਕਠਪੁਤਲੀਆਂ ਵਾਂਗ ਜਿਉਣ ਲਈ ਬੇਵੱਸ ਕਰਕੇ ਰੱਖ ਦਿੰਦਾ ਹੈ। 'ਵਕਤ,

ਮੌਸਮ ਅਤੇ ਨਜ਼ਮ' ਪੁਸਤਕ ਵਿੱਚ'ਆਦਿ-ਕਥਾ' ਸਿਰਲੇਖ ਦੇ ਨਾਮ ਹੇਠ ਲਿਖੀਆਂ ਗਈਆਂ ਕਵਿਤਾਵਾਂ ਵੀ ਔਰਤ-ਮਰਦ ਸੰਬੰਧਾਂ ਦੇ ਵਿਭਿੰਨ ਪੱਖਾਂ ਬਾਰੇ ਹਨ। ਇਹਨਾਂ ਕਵਿਤਾਵਾਂ ਵਿੱਚ ਜਿੱਥੇ ਇੱਕ ਪਾਸੇ ਇਸਤਰੀ-ਪੁਰਸ਼ ਸੰਬੰਧਾਂ ਦੇ ਸਹਿਜ-ਪ੍ਰਕਿਰਤਕ ਵਰਤਾਰੇ ਨੂੰ ਮਹੱਤਵ ਪ੍ਰਦਾਨ ਕੀਤਾ ਗਿਆ ਹੈ ਉੱਥੇ ਦੂਜੇ ਪਾਸੇ ਔਰਤ ਪ੍ਰਤੀ ਮਰਦ ਦੇ ਨਜ਼ਰੀਏ ਵਿਚਲੀ ਕਾਣ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ ਹੈ। ਯਾਦ ਰੱਖਣ ਯੋਗ ਇਹ ਵੀ ਹੈ ਕਿ 'ਵਕਤ, ਮੌਸਮ ਅਤੇ ਨਜ਼ਮ' ਦੀਆਂ ਇੱਕ ਤੋਂ ਵੱਧ ਕਵਿਤਾਵਾਂ ਵਿੱਚ ਅਜੋਕੀ ਬਾਜ਼ਾਰੂ ਲਾਲਸਾ ਦੀਆਂ ਖਿੱਚਾਂ ਦਾ ਸ਼ਿਕਾਰ ਹੋਈ ਔਰਤ ਨੂੰ ਵੀ ਬਖ਼ਸ਼ਿਆ ਨਹੀਂ ਗਿਆ।

**ਸਿੱਟਾ** :

ਅਜੋਕੇ ਦੌਰ ਦਾ ਸਭ ਤੋਂ ਮਹੱਤਵਪੂਰਨ ਮੁੱਦਾ ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਜਟਿਲ-ਜਾਲ ਦਾ ਹੈ ਜਿਸ ਦੀਆਂ ਅੱਗੋਂ ਬਹੁਤ ਸਾਰੀਆਂ ਪਰਤਾਂ ਤੇ ਪਾਸਾਰ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਕਵਿਤਰੀ ਆਪਣੀਆਂ ਵਿਭਿੰਨ ਕਾਵਿ-ਪੁਸਤਕਾਂ ਵਿੱਚ ਇਸ ਗੰਭੀਰ ਮਸਲੇ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਇਸੇ ਕਰਕੇ ਉਹ ਅਜੋਕੇ ਵਕਤ ਤੇ ਮੌਸਮ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਣ, ਇਸ ਦੀਆਂ ਘੁੰਡੀਆਂ ਨੂੰ ਖੋਲ੍ਹਣ ਅਤੇ ਇਹਨਾਂ ਦੁਆਰੇ ਬਣੇ ਪ੍ਰਭਮੰਡਲ (Aura) ਦਾ ਪਰਦਾਫਾਸ਼ ਕਰਕੇ ਵਾਸਤਵਿਕਤਾ ਦੀ ਸਪੱਸ਼ਟ ਪਛਾਣ ਕਰਵਾਉਣ ਲਈ ਯਤਨਸ਼ੀਲ ਹੈ। ਭਾਵੇਂ ਅਮਰ ਜਿਉਤੀ ਨੇ ਆਪਣੀ ਕਵਿਤਾ ਵਿੱਚ ਔਰਤ ਦੇ ਦੁਰਗਾ ਰੂਪ ਭਾਵ ਸੰਘਰਸ਼ਮਈ ਰੂਪ ਨੂੰ ਹੀ ਸਿਰਮੌਰ ਮਹੱਤਵ ਦਿੱਤਾ ਹੈ ਪਰ ਇਸ ਦੇ ਬਾਵਜੂਦ ਵੀ ਉਹ ਔਰਤ ਦੀਆਂ ਜਟਿਲ ਸਮੱਸਿਆਵਾਂ ਦੀ ਵਾਸਤਵਿਕਤਾ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦੀ। ਵਾਸਤਵਿਕ ਜਟਿਲਤਾ ਦੀ ਗਹਿਰਾਈ ਨੂੰ ਪੁੱਟ ਕੇ ਤੇ ਉਸ ਦੀ ਸੂਖਮਤਾ ਨੂੰ ਕੁਰੇਦਦੇ ਹੋਏ ਕਵਿਤਰੀ ਮਿਥ-ਭੰਜਨ ਦੀ ਵਿਧੀ ਵੀ ਅਪਨਾਉਂਦੀ ਹੈ ਅਤੇ ਪ੍ਰਚਲਿਤ ਮਿੱਥਾਂ ਨੂੰ ਵਰਤਮਾਨ ਪ੍ਰਸੰਗ ਨਾਲ ਜੋੜ ਕੇ ਨਵੇਂ-ਅਰਥਾਂ ਦਾ ਸੰਚਾਰ ਵੀ ਕਰਦੀ ਹੈ। ਇਸ ਦੂਹਰੀ-ਪ੍ਰਕਿਰਿਆ ਦੇ ਵਿੱਚੇ-ਵਿੱਚ ਵਿਚਰਦੇ ਹੋਏ ਉਹ ਸਮੁੱਚੇ ਮਾਨਵੀ-ਜੀਵਨ ਦੇ ਵਰਤਮਾਨ ਸੰਕਟਾਂ ਪ੍ਰਤੀ ਚਿੰਤਤ ਹੋਣ ਦੇ ਨਾਲ-ਨਾਲ ਇਸਦੇ ਭਵਿੱਖ ਪ੍ਰਤੀ ਵੀ ਜਾਗ੍ਰਿਤ ਰਹਿੰਦੀ ਹੈ। ਦੁਨੀਆਂ ਭਰ ਦੇ ਗੰਭੀਰ ਸਾਹਿਤ-ਸਮੀਖਿਆਕਾਰਾਂ ਨੇ 'ਪ੍ਰਤੀਕਾਤਮਕ ਅਭਿਵਿਅੰਜਨ' ਦੀ ਵਿਧੀ ਰਾਹੀਂ ਸਿਰਜੀਆਂ ਗਈਆਂ ਰਚਨਾਵਾਂ ਨੂੰ ਕਲਾਤਮਕ ਪੱਖੋਂ ਅਤਿਅੰਤ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਮੰਨਿਆ ਹੈ। ਭਾਵੇਂ ਡਾ. ਅਮਰ ਜਿਉਤੀ ਦੀ ਕਵਿਤਾ ਵਿੱਚ ਇਸ ਪ੍ਰਤੀਕਾਤਮਕ ਅਭਿਵਿਅੰਜਨ ਵਾਲੀ ਸ਼ੈਲੀ ਦੀ ਥਾਂ ਸਿੱਧੀ-ਸਪਾਟ ਅਭਿਵਿਅਕਤੀ ਨੂੰ ਤਰਜੀਹ ਦਿੱਤੀ ਗਈ ਹੈ ਪਰ ਵਿਚਾਰਧਾਰਕ ਉਦੇਸ਼ਾਂ ਦੀ ਸਪੱਸ਼ਟਤਾ ਤੇ ਵਾਸਤਵਿਕਤਾ ਪ੍ਰਤੀ ਸਮਝ ਨੇ ਉਸ ਦੀ ਕਵਿਤਾ ਨੂੰ 'ਵਿਸ਼ਾਲ ਰਚਨਾਤਮਿਕ ਦ੍ਰਿਸ਼ਟੀ' ਪੱਖੋਂ ਬਹੁਤ ਉਪਯੋਗੀ ਬਣਾ ਦਿੱਤਾ ਹੈ। ਅਮਰ ਜਿਉਤੀ ਰਚਿਤ ਵਿਭਿੰਨ ਕਾਵਿ-ਪੁਸਤਕਾਂ ਵੀ ਇਸੇ ਪ੍ਰਸੰਗ ਅਨੁਕੂਲ ਸਮੁੱਚੇ ਵਿਸ਼ਵ ਅਤੇ ਮਾਨਵੀ ਜੀਵਨ ਦੇ ਵਿਭਿੰਨ ਪੱਖਾਂ ਨਾਲ ਸੰਵਾਦ ਰਚਾਉਣ ਵਾਲੀਆਂ ਹਨ। ਪੂੰਜੀਵਾਦੀ ਵਿਸ਼ਵਵਿਆਪੀਕਰਣ ਦੇ ਪ੍ਰਭਾਵ ਅਧੀਨ ਪੈਦਾ ਹੋਏ ਸਤਹੀਪਣ, ਮੌਕਾਪ੍ਰਸਤੀ, ਬਾਜ਼ਾਰੂ ਲਾਲਸਾ, ਬੇਵਿਸ਼ਵਾਸ਼ੀ, ਇਕੱਲਤਾ, ਨਿਰਬਲਤਾ, ਉਦਾਸੀ, ਮਾਨਸਿਕ ਸੰਕੀਰਣਤਾ ਅਤੇ ਸਭ ਤੋਂ ਉੱਪਰ ਆਰਥਿਕ ਲੁੱਟ-ਖਸੁੱਟ ਤੇ ਅਣਆਈ ਮੌਤ ਦੇ ਸਾਏ ਹੇਠ ਆਏ ਜੀਵਨ ਨੂੰ ਹਾਰ, ਬੋਝ ਜਾਂ ਸੰਤਾਪ ਵਜੋਂ ਝੱਲਣ ਦੀ ਬਜਾਇ ਜੱਦੋ-ਜਹਿਦ ਵਾਂਗ ਜਿਉਣ ਦੇ ਠੋਸ ਸੰਸਕਾਰ ਵਿਕਸਤ ਕਰਨਾ (ਮੂਲ ਮਾਨਵੀਂ ਸਰੋਕਾਰਾਂ ਨੂੰ ਪ੍ਰਣਾਈ) ਅਜੋਕੀ ਪੰਜਾਬੀ ਕਵਿਤਾ ਦਾ ਮੁੱਖ ਸਰੋਕਾਰ ਬਣਨਾ ਅਤਿਅੰਤ ਜ਼ਰੂਰੀਹੈ।

## *ਹਵਾਲੇ ਅਤੇ ਟਿੱਪਣੀਆਂ*


1. *ਡਾ.ਵਨੀਤਾ, (ਸੰਪਾਦਕ) ਅਮਰ ਜਿਉਤੀ ਦਾ ਰਚਨਾ ਸੰਸਾਰ, ਪੰਨਾ: 173*
2. *ਡਾ. ਅਮਰ ਜਿਉਤੀ, ਸੋਚਾਂ ਦੇ ਨਿਸ਼ਾਨ, ਪੰਨਾ: 133*
3. *ਉਹੀ, ਪੰਨਾ: 216*
4. *ਉਹੀ, ਪੰਨਾ: 143*
5. *ਉਹੀ, ਪੰਨਾ: 127*
6. *ਉਹੀ, ਪੰਨਾ: 142*
7. *ਡਾ. ਅਮਰ ਜਿਉਤੀ, ਮਾਰੂਥਲ ਵਿੱਚ ਤੁਰਦੇ ਪੈਰ, ਮੁੱਖਬੰਦ*
8. *ਡਾ. ਅਮਰ ਜਿਉਤੀ , ਵਕਤ, ਮੌਸਮ ਅਤੇ ਨਜ਼ਮ, ਪੰਨਾ: 147*
9. *ਡਾ. ਅਮਰ ਜਿਉਤੀ, ਖਾਮੋਸ਼ੀ ਦੀ ਆਵਾਜ਼, ਪੰਨਾ: 41*
10. *ਉਹੀ, ਪੰਨਾ: 63*
11. *ਡਾ. ਅਮਰ ਜਿਉਤੀ, ਸੋਚਾਂ ਦੇ ਨਿਸ਼ਾਨ, ਪੰਨਾ: 165*
12. *ਉਹੀ, ਪੰਨਾ: 162*
13. *ਉਹੀ, ਪੰਨਾ: 342*
14. *ਉਹੀ, ਪੰਨਾ: 170*
15. *ਡਾ. ਅਮਰ ਜਿਉਤੀ , ਵਕਤ, ਮੌਸਮ ਅਤੇ ਨਜ਼ਮ, ਪੰਨਾ: 11*
16. *ਉਹੀ, ਪੰਨਾ: 13*

17. ਡਾ. ਵਨੀਤਾ, (ਸੰਪਾਦਕ) ਅਮਰ ਜਿਉਤੀ ਦਾ ਰਚਨਾ ਸੰਸਾਰ, ਪੰਨਾ: 222
18. ਡਾ. ਅਮਰ ਜਿਉਤੀ , ਵਕਤ, ਮੌਸਮ ਅਤੇ ਨਜ਼ਮ, ਪੰਨਾ: 17,18
19. ਉਹੀ, ਪੰਨਾ: 29
20. ਉਹੀ, ਪੰਨਾ: 21
21. ਉਹੀ, ਪੰਨਾ: 46, 47
22. ਉਹੀ, ਪੰਨਾ: 21, 22
23. ਉਹੀ, ਪੰਨਾ: 26, 27
24. ਉਹੀ, ਪੰਨਾ: 33
25. ਉਹੀ, ਪੰਨਾ: 37
26. ਉਹੀ, ਪੰਨਾ: 66
27. ਉਹੀ, ਪੰਨਾ: 51
28. ਉਹੀ, ਪੰਨਾ: 53
29. ਉਹੀ, ਪੰਨਾ: 118